PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

07 ਮਈ ਤੋਂ 13 ਮਈ, 2026

Email :- editor@punjabstar.com, Vo. 20. Issue:1236


## ਸਾਬਕਾ ਜਸਟਿਸ ਲੁਇਸ ਆਰਬਰ ਹੋਵੇਗੀ ਕੈਨੇਡਾ ਦੀ ਨਵੀਂ ਗਵਰਨਰ ਜਨਰਲ



(ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੁਪਰੀਮ ਕੋਰਟ ਆਫ ਕੈਨੇਡਾ ਦੀ ਸਾਬਕ ਜਸਟਿਸ ਅਤੇ ਕਈ ਕੌਮਾਂਤਰੀ ਉੱਚ ਅਹੁੱਦਿਆਂ 'ਤੇ ਕੈਨੇਡਾ ਦੀ ਪ੍ਰਤੀਨਿਧਤਾ ਕਰ ਚੁੱਕੀ ਮੈਡਮ ਲੁਇਸ ਆਰਬਰ (79) ਨੂੰ ਨਵੀਂ ਗਵਰਨਰ ਜਨਰਲ ਵਜੋਂ ਮਨੋਨੀਤ ਕਰਕੇ ਬਰਤਾਨਵੀ ਮਹਾਰਾਜੇ ਉਸਦੀ ਨਿਯੁਕਤੀ ਦੀ ਪ੍ਰਵਾਨਗੀ ਹਾਸਲ ਕਰ ਲਈ ਹੈ। ਉਹ ਮੌਜੂਦਾ ਗਵਰਨਰ ਜਨਰਲ (ਰਾਸ਼ਟਰਪਤੀ) ਮੈਡਮ ਮੈਰੀ ਸਾਈਮਨ ਦੀ ਥਾਂ ਲੈਣਗੇ, ਜਿਸਦੀ ਨਿਯੁਕਤੀ ਕੁਝ ਸਾਲ ਪਹਿਲਾਂ ਤੱਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ 2021 'ਚ ਕੀਤੀ ਗਈ ਸੀ।

* ਬਾਕੀ ਸਫ਼ਾ 2 'ਤੇ

## ਨਿਊਯਾਰਕ 'ਚ ਅਫਰੀਕੀ-ਅਮਰੀਕੀ ਵਿਅਕਤੀ ਵੱਲੋਂ ਬਜ਼ੁਰਗ ਸਿੱਖ ਡਰਾਈਵਰ ਦੀ ਕੁੱਟਮਾਰ



ਨਿਊਯਾਰਕ ਸਿਟੀ ਵਿੱਚ ਇੱਕ ਬਜ਼ੁਰਗ ਸਿੱਖ ਟੈਕਸੀ ਡਰਾਈਵਰ ਨੂੰ ਜ਼ਮੀਨ 'ਤੇ ਧੱਕਾ ਦੇਣ ਦੀ ਇੱਕ ਪਰੇਸ਼ਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਲੋਕਾਂ ਵਿੱਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਕਥਿਤ ਤੌਰ 'ਤੇ ਉਸ 'ਤੇ ਇੱਕ ਅਫਰੀਕੀ-ਅਮਰੀਕੀ ਵਿਅਕਤੀ ਵੱਲੋਂ ਹਮਲਾ ਕੀਤਾ ਗਿਆ ਸੀ। ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਸੜਕ ਕੰਢੇ ਹੋਈ ਬਹਿਸ ਤੋਂ ਬਾਅਦ ਇੱਕ ਵਿਅਕਤੀ ਵੱਲੋਂ ਬਜ਼ੁਰਗ ਡਰਾਈਵਰ ਨੂੰ ਧੱਕਾ ਦਿੱਤਾ ਗਿਆ ਹੈ। ਹਮਲਾਵਰ ਨੇ ਕਥਿਤ ਤੌਰ 'ਤੇ ਡਰਾਈਵਰ 'ਤੇ ਦੂਜੀ ਗੱਡੀ ਨੂੰ ਟੱਕਰ ਮਾਰਨ ਦਾ ਦੋਸ਼ ਲਗਾਇਆ ਅਤੇ ਉਸ ਨੂੰ ਜ਼ੋਰ ਨਾਲ ਜ਼ਮੀਨ 'ਤੇ ਧੱਕਣ ਤੋਂ ਪਹਿਲਾਂ ਹੋਰ ਹਿੰਸਾ

* ਬਾਕੀ ਸਫ਼ਾ 2 'ਤੇ

# ਚੀਨ 'ਚ ਪਟਾਕਿਆਂ ਦੀ ਫੈਕਟਰੀ 'ਚ ਜ਼ਬਰਦਸਤ ਧਮਾਕਾ

## 21 ਲੋਕਾਂ ਦੀ ਮੌਤ, 61 ਜ਼ਖਮੀ



ਬੀਜਿੰਗ, (ਪੰਜਾਬ ਸਟਾਰ ਬਿਓਰੋ): ਚੀਨ ਤੋਂ ਵੱਡੀ ਖ਼ਬਰ ਆ ਰਹੀ ਹੈ। ਹੁਨਾਨ ਸੂਬੇ ਦੇ ਲਿਉਯਾਂਗ ਸ਼ਹਿਰ ਵਿੱਚ ਇੱਕ ਪਟਾਕੇ ਬਣਾਉਣ ਵਾਲੀ ਫੈਕਟਰੀ ਵਿੱਚ ਧਮਾਕਾ ਹੋਇਆ ਹੈ। ਇਸ ਹਾਦਸੇ ਵਿੱਚ 21 ਲੋਕਾਂ ਦੀ ਮੌਤ ਅਤੇ 61 ਜ਼ਖਮੀ ਹੋਏ ਹਨ। ਇਸ ਵੇਲੇ ਮੌਕੇ 'ਤੇ ਬਚਾਅ ਅਤੇ ਰਾਹਤ ਕਾਰਜ ਚੱਲ ਰਹੇ ਹਨ। 500 ਬਚਾਅ ਕਰਮਚਾਰੀ ਮੌਕੇ 'ਤੇ ਮੌਜੂਦ ਹਨ। ਧਮਾਕੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਇਹ ਧਮਾਕਾ ਸੋਮਵਾਰ ਸ਼ਾਮ 5 ਵਜੇ ਦੇ ਕਰੀਬ ਗੁਆਂਢੂ ਟਾਊਨਸ਼ਿਪ ਵਿੱਚ ਇੱਕ ਪਟਾਕੇ ਫੈਕਟਰੀ, ਲਿਉਯਾਂਗ ਹੁਆਸ਼ੇਂਗ ਫਾਇਰਵਰਕਸ ਮੈਨੂਫੈਕਚਰਿੰਗ ਐਂਡ ਡਿਸਪਲੇਅ ਕੰਪਨੀ ਵਿੱਚ ਹੋਇਆ ਹੈ। ਧਮਾਕੇ ਤੋਂ ਤੁਰੰਤ ਬਾਅਦ ਐਮਰਜੈਂਸੀ

* ਬਾਕੀ ਸਫ਼ਾ 2 'ਤੇ

## ਅਲਬਰਟਾ 'ਚ ਇੱਕ ਵਾਰ ਫਿਰ ਵੱਖਰਾ ਦੇਸ਼ ਬਣਨ ਦੀ ਮੰਗ ਨੇ ਫੜ੍ਹਿਆ ਜ਼ੋਰ !

### ਰੈਫਰੈਂਡਮ ਲਈ ਉੱਠੀ ਆਵਾਜ਼, ਹਜ਼ਾਰਾਂ ਪੰਜਾਬੀਆਂ 'ਤੇ ਵੀ ਪਵੇਗਾ ਅਸਰ




ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਸਭ ਤੋਂ ਅਮੀਰ ਅਤੇ ਊਰਜਾ ਸਰੋਤਾਂ ਨਾਲ ਭਰਪੂਰ ਸੂਬੇ ਅਲਬਰਟਾ ਵਿਚ ਇੱਕ ਵਾਰ ਫਿਰ ਵੱਖਰਾ ਦੇਸ਼ ਬਣਨ ਦੀ ਮੰਗ ਨੇ ਜ਼ੋਰ ਫੜ ਲਿਆ ਹੈ। 'ਸਟੇਅ ਫ੍ਰੀ ਅਲਬਰਟਾ' ਨਾਮਕ ਸੰਗਠਨ ਵੱਲੋਂ ਸ਼ੁਰੂ ਕੀਤੀ ਗਈ ਇੱਕ ਜਨਤਕ ਮੁਹਿੰਮ ਅਤੇ ਰੈਫਰੈਂਡਮ (ਜਨਮਤ ਸੰਗ੍ਰਹਿ) ਦੀ ਮੰਗ ਨੇ ਦੇਸ਼ ਦੀ ਰਾਜਨੀਤੀ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਸੰਗਠਨ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਲੱਖਾਂ ਲੋਕਾਂ ਦੇ ਦਸਤਖਤ ਜੁਟਾ ਕੇ ਇਹ ਸਾਬਿਤ ਕਰ ਦਿੱਤਾ ਹੈ ਕਿ ਸੂਬੇ ਦਾ ਇੱਕ ਵੱਡਾ ਹਿੱਸਾ ਕੈਨੇਡਾ ਤੋਂ ਵੱਖ ਹੋਣਾ ਚਾਹੁੰਦਾ ਹੈ। ਪੰਜਾਬੀਆਂ ਲਈ ਇਹ ਖ਼ਬਰ ਮਹੱਤਵਪੂਰਨ ਹੈ ਕਿਉਂਕਿ ਵੱਡੀ ਗਿਣਤੀ 'ਚ ਪੰਜਾਬੀ ਭਾਈਚਾਰਾ ਅਲਬਰਟਾ ਵਿਚ ਰਹਿ ਰਿਹਾ ਹੈ। ਜੇਕਰ ਵੱਖ ਹੋਣ ਦੀ ਮੰਗ ਸਵੀਕਾਰ ਹੋ ਜਾਂਦੀ ਹੈ, ਤਾਂ ਇਸ ਫ਼ੈਸਲੇ ਦਾ ਅਸਰ ਪੰਜਾਬੀਆਂ 'ਤੇ ਵੀ ਪਵੇਗਾ।

ਇਸ ਪੂਰੇ ਵਿਵਾਦ ਦੇ ਪਿੱਛੇ 'ਵੈਸਟਰਨ ਏਲੀਅਨੈਸ਼ਨ' ਯਾਨੀ ਪੱਛਮੀ ਖੇਤਰ ਦੀ ਅਣਦੇਖੀ ਦੀ ਭਾਵਨਾ ਹੈ। ਅਲਬਰਟਾ ਦੇ ਵਸਨੀਕਾਂ ਦਾ ਮੰਨਣਾ ਹੈ ਕਿ ਓਟਾਵਾ ਸਥਿਤ ਕੇਂਦਰੀ ਸਰਕਾਰ ਉਨ੍ਹਾਂ ਦੇ ਹਿੱਤਾਂ ਨੂੰ ਲੋੜੀਂਦੀ ਅਹਿਮੀਅਤ ਨਹੀਂ ਦਿੰਦੀ।

ਅਲਬਰਟਾ ਕੈਨੇਡਾ ਦਾ ਸਭ ਤੋਂ ਵੱਡਾ ਤੇਲ ਅਤੇ ਗੈਸ ਉਤਪਾਦਕ ਖੇਤਰ ਹੈ। ਵੱਖਵਾਦੀਆਂ ਦਾ ਦੋਸ਼ ਹੈ ਕਿ ਕੇਂਦਰ ਸਰਕਾਰ ਦੀਆਂ ਸਖ਼ਤ ਜਲਵਾਯੂ ਨੀਤੀਆਂ ਅਤੇ ਵਾਤਾਵਰਣ ਸਬੰਧੀ ਨਿਯਮ ਉਨ੍ਹਾਂ ਦੇ ਊਰਜਾ ਉਦਯੋਗ ਨੂੰ ਨੁਕਸਾਨ ਪਹੁੰਚਾ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਆਜ਼ਾਦ ਹੋਣ ਤੋਂ ਬਾਅਦ ਅਲਬਰਟਾ ਆਪਣੇ ਕੁਦਰਤੀ ਸਰੋਤਾਂ 'ਤੇ ਪੂਰਾ ਕੰਟਰੋਲ ਕਰ ਸਕੇਗਾ।

ਸੂਬੇ ਦੇ ਲੋਕਾਂ ਵਿਚ ਇਹ ਰੋਸ ਹੈ ਕਿ ਕੈਨੇਡਾ ਦੀ ਕੇਂਦਰੀ ਰਾਜਨੀਤੀ ਵਿਚ ਅਲਬਰਟਾ ਦੀ ਆਵਾਜ਼ ਬਹੁਤ ਕਮਜ਼ੋਰ ਹੈ ਅਤੇ ਫ਼ੈਸਲੇ

* ਬਾਕੀ ਸਫ਼ਾ 2 'ਤੇ

# ਟਰੰਪ ਦੀ ਇਰਾਨ ਨੂੰ ਧਮਕੀ

## ਜੇਕਰ ਹੋਰਮੁਜ਼ ਜਲਮਾਰਗ ਨਾ ਖੋਲ੍ਹਿਆ ਤਾਂ ਹੋਵੇਗੀ ਬੰਬਾਰੀ




(ਪੰਜਾਬ ਸਟਾਰ ਬਿਓਰੋ): ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬੁੱਧਵਾਰ ਨੂੰ ਇਰਾਨ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਸ ਨੇ ਹੋਰਮੁਜ਼ ਜਲਮਾਰਗ (Strait of Hormuz) ਨੂੰ ਦੁਬਾਰਾ ਨਾ ਖੋਲ੍ਹਿਆ, ਤਾਂ ਉਸ ਵਿਰੁੱਧ ਹੋਰ ਬੰਬਾਰੀ ਕੀਤੀ ਜਾਵੇਗੀ। ਟਰੰਪ ਦੀ ਇਹ ਧਮਕੀ ਉਨ੍ਹਾਂ ਰਿਪੋਰਟਾਂ ਤੋਂ ਬਾਅਦ ਸਾਹਮਣੇ ਆਈ ਹੈ, ਜਿਨ੍ਹਾਂ ਵਿੱਚ ਕਿਹਾ ਜਾ ਰਿਹਾ ਸੀ ਕਿ ਜੰਗ ਨੂੰ ਖ਼ਤਮ ਕਰਨ ਲਈ ਕੋਈ ਸਮਝੌਤਾ ਹੋਣ ਦੀ ਸੰਭਾਵਨਾ ਬਣ ਰਹੀ ਹੈ। ਡੋਨਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਇਰਾਨ ਨਾਲ ਚੱਲ ਰਹੀ ਜੰਗ ਜਲਦੀ ਖ਼ਤਮ ਹੋ ਸਕਦੀ ਹੈ ਅਤੇ ਤੇਲ ਤੇ ਕੁਦਰਤੀ ਗੈਸ ਦੀ ਸਪਲਾਈ ਦੁਬਾਰਾ ਸ਼ੁਰੂ ਹੋ ਸਕਦੀ ਹੈ। ਹਾਲਾਂਕਿ, ਉਨ੍ਹਾਂ ਸਪਸ਼ਟ ਕੀਤਾ ਕਿ ਇਹ ਸਭ ਇਰਾਨ ਵੱਲੋਂ ਉਸ ਸਮਝੌਤੇ ਨੂੰ ਮੰਨਣ 'ਤੇ ਨਿਰਭਰ ਕਰਦਾ ਹੈ ਜਿਸ ਦੀਆਂ ਚਰਚਾਵਾਂ ਚੱਲ ਰਹੀਆਂ ਹਨ। ਫਿਲਹਾਲ ਅਮਰੀਕੀ ਰਾਸ਼ਟਰਪਤੀ ਨੇ ਇਸ ਸਮਝੌਤੇ ਦੀਆਂ ਸ਼ਰਤਾਂ ਜਾਂ ਵੇਰਵਿਆਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ।

ਟਰੰਪ ਨੇ ਲਿਖਿਆ, "ਜੇ ਉਹ ਸਹਿਮਤ ਨਹੀਂ ਹੁੰਦੇ, ਤਾਂ ਬੰਬਾਰੀ ਸ਼ੁਰੂ ਹੋ ਜਾਵੇਗੀ।"

ਟਰੰਪ ਦੀਆਂ ਇਹ ਧਮਕੀਆਂ ਉਸ ਸਮੇਂ ਆਈਆਂ ਹਨ, ਜਦੋਂ ਚੀਨ ਦੇ ਵਿਦੇਸ਼ ਮੰਤਰੀ ਨੇ ਇਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨਾਲ ਮੁਲਾਕਾਤ ਤੋਂ ਬਾਅਦ ਪੂਰੀ ਤਰ੍ਹਾਂ ਜੰਗਬੰਦੀ ਦੀ ਅਪੀਲ ਕੀਤੀ ਸੀ। ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਨਾਲ ਜੰਗ ਸ਼ੁਰੂ ਹੋਣ ਤੋਂ ਬਾਅਦ, ਅਰਾਘਚੀ ਪਹਿਲੀ ਵਾਰ ਬੀਜਿੰਗ ਦੇ ਦੌਰੇ 'ਤੇ ਗਏ ਸਨ।

* ਬਾਕੀ ਸਫ਼ਾ 2 'ਤੇ

## ਅਮਰੀਕਾ ਨੇ ਫਿਰ ਕੀਤਾ ਡਰੱਗਜ਼ ਦੀ ਸ਼ੱਕੀ ਕਿਸ਼ਤੀ 'ਤੇ ਹਮਲਾ, ਤਿੰਨ ਦੀ ਮੌਤ



(ਪੰਜਾਬ ਸਟਾਰ ਬਿਓਰੋ): ਅਮਰੀਕਾ ਨੇ ਨਸ਼ਾ ਤਸਕਰਾਂ ਵਿਰੁੱਧ ਆਪਣੀ ਫੌਜੀ ਕਾਰਵਾਈ ਨੂੰ ਬਹੁਤ ਹਮਲਾਵਰ ਬਣਾ ਦਿੱਤਾ ਹੈ। ਅਮਰੀਕੀ ਫੌਜ ਨੇ ਪੂਰਬੀ ਪ੍ਰਸ਼ਾਂਤ ਮਹਾਸਾਗਰ 'ਚ ਇਕ ਸ਼ੱਕੀ ਕਿਸ਼ਤੀ 'ਤੇ ਵੱਡਾ ਹਵਾਈ ਹਮਲਾ ਕੀਤਾ ਹੈ। ਇਸ ਜਾਨਲੇਵਾ ਹਮਲੇ ਵਿੱਚ ਤਿੰਨ ਲੋਕਾਂ ਦੀ ਦਰਦਨਾਕ ਮੌਤ ਹੋ ਗਈ ਹੈ। ਇਹ ਲਗਾਤਾਰ ਦੂਜਾ ਦਿਨ ਹੈ ਜਦੋਂ ਅਮਰੀਕਾ ਨੇ ਸਮੁੰਦਰ ਵਿੱਚ ਅਜਿਹੀ ਕਿਸ਼ਤੀ ਨੂੰ ਨਿਸ਼ਾਨਾ ਬਣਾਇਆ ਹੈ।

ਅਮਰੀਕੀ ਫੌਜ ਨੇ ਜਿਸ ਕਿਸ਼ਤੀ

* ਬਾਕੀ ਸਫ਼ਾ 2 'ਤੇ

## ਯਮੁਨਾ ਨਦੀ 'ਚ ਪਲਟੀ ਕਿਸ਼ਤੀ: 4 ਬੱਚੇ ਲਾਪਤਾ

### ਇੱਕ ਮਹਿਲਾ ਤੇ ਕੁੜੀ ਦੀ ਮਿਲੀ ਦੇਹ; NDRF ਵੱਲੋਂ ਬਚਾਅ ਕਾਰਜ ਜਾਰੀ



(ਪੰਜਾਬ ਸਟਾਰ ਬਿਓਰੋ): ਹਮੀਰਪੁਰ ਵਿੱਚ ਬੁੱਧਵਾਰ ਨੂੰ ਯਮੁਨਾ ਨਦੀ ਵਿੱਚ ਇੱਕ ਕਿਸ਼ਤੀ ਪਲਟ ਗਈ। ਮਹਿਲਾਵਾਂ ਅਤੇ ਬੱਚਿਆਂ ਸਮੇਤ ਦਸ ਲੋਕ ਸਵਾਰ ਸਨ। ਕਿਸ਼ਤੀ ਚਾਲਕ ਨੇ ਤਿੰਨ ਨੂੰ ਬਚਾਇਆ, ਪਰ ਇੱਕ ਔਰਤ ਅਤੇ ਪੰਜ ਬੱਚਿਆਂ ਸਮੇਤ ਛੇ ਹੋਰ ਲਾਪਤਾ ਹੋ ਗਏ। ਵੀਰਵਾਰ ਸਵੇਰੇ, ਧ੍ਰੁਵ ਟੀਮ ਦੁਆਰਾ ਇੱਕ ਔਰਤ ਅਤੇ ਇੱਕ 14 ਸਾਲਾ ਲੜਕੀ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ। ਚਾਰ ਬੱਚਿਆਂ ਦੀ ਭਾਲ ਜਾਰੀ ਹੈ।

ਇਹ ਹਾਦਸਾ ਸ਼ਾਮ ਕਰੀਬ 6 ਵਜੇ ਜ਼ਿਲ੍ਹਾ ਹੈੱਡਕੁਆਰਟਰ ਤੋਂ ਲਗਭਗ 25 ਕਿਲੋਮੀਟਰ ਦੂਰ ਵਾਪਰਿਆ। ਕਿਸ਼ਤੀ ਯਾਤਰੀ ਤਰਬੂਜ ਅਤੇ ਖੀਰੇ ਖਾਣ ਲਈ ਯਮੁਨਾ ਨਦੀ ਦੇ ਪਾਰ

* ਬਾਕੀ ਸਫ਼ਾ 2 'ਤੇ

## ਪੰਜਾਬੀਆਂ ਲਈ ਵੱਡੀ ਖ਼ੁਸ਼ਖ਼ਬਰੀ

# ਕੈਨੇਡਾ 'ਚ ਪੱਕੇ ਹੋਣ ਦਾ ਸੁਪਨਾ ਹੋਵੇਗਾ ਪੂਰਾ

## 33 ਹਜ਼ਾਰ ਵਰਕਰਾਂ ਨੂੰ ਮਿਲੇਗੀ PR



ਓਟਾਵਾ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਿੱਚ ਲੰਬੇ ਸਮੇਂ ਤੋਂ ਵਰਕ ਪਰਮਿਟ 'ਤੇ ਰਹਿ ਕੇ ਪੱਕੇ ਹੋਣ ਦੀ ਉਡੀਕ ਕਰ ਰਹੇ ਪ੍ਰਵਾਸੀਆਂ ਲਈ ਇੱਕ ਵੱਡੀ ਅਤੇ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਸਰਕਾਰ ਨੇ ਆਪਣੇ 'ਇਨ-ਕੈਨੇਡਾ ਵਰਕਰਜ਼ ਇਨੀਸ਼ੀਏਟਿਵ' ਤਹਿਤ ਦੇਸ਼ ਵਿੱਚ ਪਹਿਲਾਂ ਤੋਂ ਮੌਜੂਦ 33,000 ਵਰਕਰਾਂ ਨੂੰ ਸਥਾਈ ਨਿਵਾਸ (PR) ਦੇਣ ਦਾ ਵੱਡਾ ਫੈਸਲਾ ਕੀਤਾ ਹੈ। ਇਸ ਫੈਸਲੇ ਦਾ ਸਭ ਤੋਂ ਵੱਧ ਫਾਇਦਾ ਪੰਜਾਬੀ ਨੌਜਵਾਨਾਂ ਨੂੰ ਹੋਣ ਦੀ ਉਮੀਦ ਹੈ, ਜੋ ਵੱਡੀ ਗਿਣਤੀ ਵਿੱਚ ਉੱਥੇ ਕੰਮ ਕਰ ਰਹੇ ਹਨ।

**ਛੋਟੇ ਸ਼ਹਿਰਾਂ ਅਤੇ ਪੇਂਡੂ ਖੇਤਰਾਂ ਨੂੰ ਮਿਲੇਗੀ ਤਰਜੀਹ**

ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਮੇਟਲੇਜ ਡਾਇਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਫੈਸਲਾ ਬਜਟ 2025 ਦੇ ਵਾਅਦਿਆਂ ਮੁਤਾਬਕ ਲਿਆ ਗਿਆ ਹੈ। ਸਰਕਾਰ ਦਾ ਮੁੱਖ ਮਕਸਦ ਉਨ੍ਹਾਂ ਲੋਕਾਂ ਨੂੰ ਪੱਕਾ ਕਰਨਾ ਹੈ ਜੋ ਕੈਨੇਡਾ ਦੇ ਛੋਟੇ ਸ਼ਹਿਰਾਂ ਅਤੇ ਪੇਂਡੂ ਇਲਾਕਿਆਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾ ਰਹੇ ਹਨ।

ਸਰਕਾਰ ਨੇ ਟੀਚਾ ਮਿੱਥਿਆ ਹੈ ਕਿ 2026 ਵਿੱਚ ਘੱਟੋ-ਘੱਟ 20,000 ਵਰਕਰਾਂ ਨੂੰ ਫ਼ ਦਿੱਤੀ ਜਾਵੇਗੀ ਅਤੇ ਬਾਕੀ ਬਚੇ ਹੋਏ ਲੋਕਾਂ ਦੀ ਪ੍ਰਕਿਰਿਆ 2027 ਤੱਕ ਮੁਕੰਮਲ ਕਰ ਲਈ ਜਾਵੇਗੀ। ਦੱਸਣਯੋਗ ਹੈ ਕਿ ਸਾਲ 2026 ਦੇ ਪਹਿਲੇ ਦੋ ਮਹੀਨਿਆਂ ਵਿੱਚ ਹੀ 3,600 ਲੋਕਾਂ ਨੂੰ ਇਸ ਸਕੀਮ ਤਹਿਤ ਪੱਕੇ ਨਿਵਾਸੀ ਹੋਣ ਦਾ ਦਰਜਾ ਮਿਲ ਚੁੱਕਾ ਹੈ।

**PR ਮਿਲਣ ਲਈ ਕੀ ਸ਼ਰਤਾਂ**

ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ (IRCC) ਨੇ ਇਸ ਸਕੀਮ ਲਈ ਕੁਝ ਖਾਸ ਮਾਪਦੰਡ ਤੈਅ ਕੀਤੇ ਹਨ, ਜਿਵੇਂ ਕਿ ਸਿਰਫ਼ ਉਹੀ


* ਬਾਕੀ ਸਫ਼ਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ

ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

ਹੁਣੇ ਹੀ ਕਾਲ ਕਰੋ

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

Late Evening and Weekends Appointments Available



Jasbir Singh Hundal
Registered Credit Counsellor

www.MakeMeDebtFree.ca 416-502-3100 1888-864-3131

Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS

We Help Get You the Compensation You Deserve

Book a free consultation:
1-833-BRAR-LAW

PERSONAL INJURY

- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਇਟਲੀ ਦੇ ਪ੍ਰਧਾਨ ਮੰਤਰੀ ਦੀਆਂ ਜਾਅਲੀ ਅਸ਼ਲੀਲ ਤਸਵੀਰਾਂ ਹੋਈਆਂ ਵਾਇਰਲ, ਮੇਲੋਨੀ ਨੇ ਵੀ ਦਿੱਤੀ ਪ੍ਰਤੀਕਿਰਿਆ



ਰੋਮ: ਇਟਲੀ ਦੇ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਦੀਆਂ ਕਈ ਅਸ਼ਲੀਲ ਤਸਵੀਰਾਂ ਸੋਸ਼ਲ ਮੀਡੀਆ ਅਤੇ ਇੰਟਰਨੈੱਟ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ। ਪ੍ਰਧਾਨ ਮੰਤਰੀ ਦੀਆਂ ਇਨ੍ਹਾਂ ਨਗਨ ਤਸਵੀਰਾਂ ਨੇ ਇਟਲੀ ਹੀ ਨਹੀਂ ਸਗੋਂ ਪੂਰੀ ਦੁਨੀਆ 'ਚ ਹਲਚਲ ਮਚਾ ਦਿੱਤੀ ਹੈ। ਇਸ ਤੋਂ ਬਾਅਦ ਮੇਲੋਨੀ ਨੇ ਐਕਸ 'ਤੇ ਆਪਣੀ ਇਕ ਅਸ਼ਲੀਲ ਤਸਵੀਰ ਪੋਸਟ ਕਰਕੇ ਸਪੱਸ਼ਟੀਕਰਨ ਦਿੱਤਾ ਹੈ। ਮੇਲੋਨੀ ਨੇ ਇਸ ਨੂੰ ਡੀਪਫੇਕ ਦਾ ਖਤਰਨਾਕ ਹਥਿਆਰ ਦੱਸਿਆ ਹੈ।

ਜਾਰਜੀਆ ਮੇਲੋਨੀ ਨੇ ਐਕਸ 'ਤੇ ਲਿਖਿਆ ਇਨ੍ਹੀਂ ਦਿਨੀਂ ਮੇਰੀਆਂ ਕਈ ਫਰਜ਼ੀ ਤਸਵੀਰਾਂ ਵਾਇਰਲ ਹੋ ਰਹੀਆਂ ਹਨ, ਜੋ ਆਰਟੀਫੀਸ਼ੀਅਲ ਇੰਟੈਲੀਜੈਂਸ ਦੁਆਰਾ ਬਣਾਈਆਂ ਗਈਆਂ ਹਨ ਅਤੇ ਕੁਝ ਕੱਟੜਪੰਥੀ ਵਿਰੋਧੀ ਇਨ੍ਹਾਂ ਨੂੰ ਅਸਲੀ ਦੱਸ ਕੇ ਫੈਲਾ ਰਹੇ ਹਨ। ਮੈਨੂੰ ਇਹ ਮੰਨਣਾ ਪਵੇਗਾ ਕਿ ਜਿਨ੍ਹਾਂ ਲੋਕਾਂ ਨੇ ਇਨ੍ਹਾਂ ਨੂੰ ਬਣਾਇਆ ਹੈ, ਉਨ੍ਹਾਂ ਨੇ ਘੱਟੋ-ਘੱਟ ਇਸ ਮਾਮਲੇ ਵਿੱਚ ਮੈਨੂੰ ਬਹੁਤ ਵਧੀਆ ਬਣਾਇਆ ਹੈ। ਪਰ ਗੱਲ ਇਹ ਹੈ ਕਿ ਅੱਜਕੱਲ੍ਹ ਲੋਕ ਕਿਸੇ ਵੀ ਚੀਜ਼ ਨੂੰ ਹਮਲਾ ਕਰਨ ਅਤੇ ਝੂਠ ਬਣਾਉਣ ਲਈ ਵਰਤ ਰਹੇ ਹਨ। ਹਾਲਾਂਕਿ, ਮਸਲਾ ਸਿਰਫ਼ ਮੇਰੇ ਤੱਕ ਹੀ ਸੀਮਤ ਨਹੀਂ ਹੈ। ਡੀਪਫੇਕ ਇੱਕ ਖਤਰਨਾਕ ਹਥਿਆਰ ਹੈ ਕਿਉਂਕਿ ਇਹ ਕਿਸੇ ਨੂੰ ਵੀ ਧੋਖਾ, ਹੇਰਾਫੇਰੀ ਅਤੇ ਨਿਸ਼ਾਨਾ ਬਣਾ ਸਕਦਾ ਹੈ। ਮੇਲੋਨੀ ਨੇ ਆਪਣੀ ਪੋਸਟ ਵਿੱਚ ਅੱਗੇ ਲਿਖਿਆ ਕਿ ਮੈਂ ਆਪਣਾ ਬਚਾਅ ਕਰ ਸਕਦੀ ਹਾਂ, ਪਰ ਬਹੁਤ ਸਾਰੇ ਲੋਕ ਨਹੀਂ ਕਰ ਸਕਦੇ। ਇਸ ਲਈ ਇੱਕ ਨਿਯਮ ਹਮੇਸ਼ਾ ਲਾਗੂ ਹੋਣਾ ਚਾਹੀਦਾ ਹੈ: ਤੁਹਾਡੇ 'ਤੇ ਭਰੋਸਾ ਕਰਨ ਤੋਂ ਪਹਿਲਾਂ ਪੁਸ਼ਟੀ ਕਰੋ, ਅਤੇ ਸਾਂਝਾ ਕਰਨ ਤੋਂ ਪਹਿਲਾਂ ਭਰੋਸਾ ਕਰੋ। ਕਿਉਂਕਿ ਜੋ ਅੱਜ ਮੇਰੇ ਨਾਲ ਹੋ ਰਿਹਾ ਹੈ, ਕੱਲ੍ਹ ਕਿਸੇ ਹੋਰ ਨਾਲ ਵੀ ਹੋ ਸਕਦਾ ਹੈ।"

## ਜਲੰਧਰ ਦੇ ਨਿੱਜੀ ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਬੱਚਿਆਂ ਨੂੰ ਕੀਤੀ ਗਈ ਛੁੱਟੀ; ਪੁਲਿਸ ਕਰ ਰਹੀ ਜਾਂਚ

ਪੰਜਾਬ ਵਿੱਚ ਸਰਕਾਰੀ ਇਮਾਰਤਾਂ ਅਤੇ ਪ੍ਰਾਈਵੇਟ ਸਕੂਲਾਂ ਨੂੰ ਧਮਕੀਆਂ ਲਗਾਤਾਰ ਜਾਰੀ ਹਨ। ਹਾਲ ਹੀ ਵਿੱਚ, ਬੀਐਸਐਫ ਚੌਕ ਨੇੜੇ ਇੱਕ ਐਕਟਿਵਾ ਵਿੱਚ ਇੱਕ ਐਲਈਡੀ ਫਲੈਸ਼ਲਾਈਟ ਫਟ ਗਈ, ਜਿਸ ਕਾਰਨ ਪੰਜਾਬ ਪੁਲਿਸ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਸੀ। ਹਾਲਾਂਕਿ, ਇਸ ਘਟਨਾ ਤੋਂ ਦੋ ਦਿਨ ਬਾਅਦ, ਇੱਕ ਪ੍ਰਾਈਵੇਟ ਸਕੂਲ ਨੂੰ ਧਮਕੀ ਮਿਲੀ ਹੈ। ਰਿਪੋਰਟਾਂ ਅਨੁਸਾਰ, ਏਪੀਜੇ ਸਕੂਲ ਵਿੱਚ ਬੰਬ ਦੀ ਧਮਕੀ ਮਿਲੀ ਹੈ। ਇਸ ਘਟਨਾ ਨੇ ਪ੍ਰਸ਼ਾਸਨ ਵਿੱਚ ਵਿਆਪਕ ਦਹਿਸ਼ਤ ਫੈਲਾ ਦਿੱਤੀ ਹੈ। ਇਹ ਧਮਕੀ ਬੀਐਮਸੀ ਚੌਕ 'ਤੇ ਸਥਿਤ ਸਕੂਲ ਨੂੰ ਈਮੇਲ ਰਾਹੀਂ ਮਿਲੀ ਸੀ, ਜਿਸ ਕਾਰਨ ਸਕੂਲ ਪ੍ਰਬੰਧਨ ਨੂੰ ਤੁਰੰਤ ਸਾਵਧਾਨੀ ਵਰਤਣ ਅਤੇ ਸਾਰੇ ਵਿਦਿਆਰਥੀਆਂ ਨੂੰ ਘਰ ਭੇਜਣ ਲਈ ਕਿਹਾ ਗਿਆ ਸੀ। ਧਮਕੀ ਮਿਲਣ 'ਤੇ, ਸਕੂਲ ਕੈਂਪਸ ਵਿੱਚ ਦਹਿਸ਼ਤ ਫੈਲ ਗਈ, ਅਤੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਸਬੰਧਤ ਵਿਭਾਗਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

## ਈਰਾਨ ਦੇ ਸ਼ਾਪਿੰਗ ਸੈਂਟਰ 'ਚ ਲੱਗੀ ਭਿਆਨਕ ਅੱਗ 8 ਮੌਤਾਂ, 36 ਜ਼ਖਮੀ



ਤਹਿਰਾਨ: ਈਰਾਨ ਦੀ ਰਾਜਧਾਨੀ ਨੇੜੇ ਇੱਕ ਸ਼ਾਪਿੰਗ ਸੈਂਟਰ ਵਿੱਚ ਭਿਆਨਕ ਅੱਗ ਲੱਗ ਗਈ। ਇਸ ਅੱਗ 'ਚ 8 ਲੋਕਾਂ ਦੀ ਮੌਤ ਅਤੇ 36 ਜ਼ਖਮੀ ਹੋ ਗਏ ਹਨ। ਸਾਰੇ ਜ਼ਖਮੀਆਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ ਅਤੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਤਹਿਰਾਨ ਸੂਬੇ ਦੇ ਅੰਦਿਸ਼ਾ ਸ਼ਹਿਰ ਦੇ ਅਰਘਵਨ ਸ਼ਾਪਿੰਗ ਸੈਂਟਰ 'ਚ ਮੰਗਲਵਾਰ ਨੂੰ ਅੱਗ ਲੱਗ ਗਈ। ਰਿਪੋਰਟ ਅਨੁਸਾਰ ਅੱਗ ਦਾ ਕਾਰਨ ਅਜੇ ਵੀ ਅਸਪਸ਼ਟ ਹੈ ਅਤੇ ਅਧਿਕਾਰੀਆਂ ਦੁਆਰਾ ਜਾਂਚ ਕੀਤੀ ਜਾ ਰਹੀ ਹੈ। ਫੁਟੇਜ 'ਚ ਫਾਇਰ ਬ੍ਰਿਗੇਡ ਦੇ ਕਰਮਚਾਰੀ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦੇ ਦਿਖਾਈ ਦੇ ਰਹੇ ਹਨ ਜਦੋਂ ਕਿ ਬਹੁ-ਮੰਜ਼ਿਲਾ ਇਮਾਰਤ 'ਚੋਂ ਕਾਲੇ ਧੂੰਏਂ ਦੇ ਗੁਬਾਰ ਉੱਠ ਰਹੇ ਹਨ। ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਅੱਗ ਜੰਗ ਨਾਲ ਜੁੜੀ ਹੋਈ ਹੈ, ਜਿੱਥੇ ਅਮਰੀਕਾ ਦੇ ਨਾਲ ਇੱਕ ਨਾਜ਼ੁਕ ਜੰਗਬੰਦੀ ਲਗਭਗ ਤਿੰਨ ਹਫ਼ਤਿਆਂ ਤੋਂ ਲਾਗੂ ਹੈ।

## ਭਿਆਨਕ ਜਹਾਜ਼ ਹਾਦਸਾ! ਰਿਹਾਇਸ਼ੀ ਇਮਾਰਤ ਨਾਲ ਟਕਰਾਇਆ ਜਹਾਜ਼; ਪਾਇਲਟ ਤੇ ਕੋ-ਪਾਇਲਟ ਦੀ ਮੌਤ, ਕਈ ਗੰਭੀਰ ਜ਼ਖ਼ਮੀ



ਬੇਲੋ ਹੋਰੀਜ਼ੋਂਟੇ : ਬ੍ਰਾਜ਼ੀਲ ਤੋਂ ਇਸ ਵੇਲੇ ਦੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਇੱਥੇ ਇੱਕ ਜਹਾਜ਼ ਅਚਾਨਕ ਇੱਕ ਇਮਾਰਤ ਨਾਲ ਟਕਰਾ ਗਿਆ ਜਿਸ ਤੋਂ ਬਾਅਦ ਹਫੜਾ ਦਫੜੀ ਮੱਚ ਗਈ । ਇਹ ਹਾਦਸਾ ਬ੍ਰਾਜ਼ੀਲ ਦੇ ਬੇਲੋ ਹੋਰੀਜ਼ੋਂਟੇ ਇਲਾਕੇ ਵਿੱਚ ਵਾਪਰਿਆ ਹੈ। ਹਾਦਸੇ ਤੋਂ ਤੁਰੰਤ ਬਾਅਦ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ।

ਜਾਣਕਾਰੀ ਮੁਤਾਬਕ ਜਹਾਜ਼ ਵਿੱਚ ਸਵਾਰ ਪਾਇਲਟ ਅਤੇ ਕੋ-ਪਾਇਲਟ ਦੀ ਮੌਤ ਹੋ ਗਈ ਹੈ। ਇਸ ਤੋਂ ਇਲਾਵਾ ਜਹਾਜ਼ ਵਿੱਚ ਸਵਾਰ ਤਿੰਨ ਹੋਰ ਲੋਕ ਜ਼ਖ਼ਮੀ ਦੱਸੇ ਜਾ ਰਹੇ ਹਨ। ਖ਼ੁਸ਼ਕਿਸਮਤੀ ਇਹ ਰਹੀ ਕਿ ਇਮਾਰਤ ਵਿੱਚ ਮੌਜੂਦ ਲੋਕਾਂ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਅਧਿਕਾਰੀਆਂ ਦੇ ਮੁਤਾਬਕ ਜਹਾਜ਼, ਇਮਾਰਤ ਦੇ ਪੌੜੀਆਂ ਵਾਲੇ ਹਿੱਸੇ ਨਾਲ ਟਕਰਾਇਆ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਦੱਖਣ-ਪੂਰਬੀ ਬ੍ਰਾਜ਼ੀਲ ਦੇ ਇੱਕ ਵੱਡੇ ਸ਼ਹਿਰ, ਬੇਲੋ ਹੋਰੀਜ਼ੋਂਟੇ ਵਿੱਚ ਇਹ ਹਾਦਸਾ ਵਾਪਰਿਆ। ਇੱਥੇ ਇੱਕ ਛੋਟਾ ਜਹਾਜ਼ ਇੱਕ ਰਿਹਾਇਸ਼ੀ ਇਮਾਰਤ ਨਾਲ ਟਕਰਾ ਗਿਆ। ਇਸ ਦੁਰਘਟਨਾ ਵਿੱਚ ਪਾਇਲਟ ਅਤੇ ਕੋ-ਪਾਇਲਟ ਦੀ ਮੌਤ ਹੋ ਗਈ, ਜਦਕਿ ਜਹਾਜ਼ ਵਿੱਚ ਸਵਾਰ ਤਿੰਨ ਯਾਤਰੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਹਨ। ਦੂਜੇ ਪਾਸੇ ਮਿਨਾਸ ਗੇਰਾਸ ਰਾਜ ਦੇ ਦਮਕਲ ਵਿਭਾਗ ਨੇ ਦੱਸਿਆ ਕਿ ਇਮਾਰਤ ਦੇ ਅੰਦਰ ਮੌਜੂਦ ਕਿਸੇ ਵੀ ਵਿਅਕਤੀ ਨੂੰ ਸੱਟ ਨਹੀਂ ਲੱਗੀ ਹੈ ਅਤੇ ਇਮਾਰਤ ਦੇ ਡਿੱਗਣ ਦਾ "ਕੋਈ ਸਪਸ਼ਟ ਖ਼ਤਰਾ" ਵੀ ਨਹੀਂ ਹੈ।

ਹਾਦਸੇ ਤੋਂ ਬਾਅਦ ਹਲਕੇ ਜਹਾਜ਼ ਵਿੱਚ ਸਵਾਰ ਤਿੰਨੋਂ ਗੰਭੀਰ ਰੂਪ ਵਿੱਚ ਜ਼ਖ਼ਮੀ ਯਾਤਰੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ। ਫਿਲਹਾਲ ਸਾਰੇ ਜ਼ਖ਼ਮੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਜਹਾਜ਼ ਇਮਾਰਤ ਦੀਆਂ ਪੌੜੀਆਂ ਵਾਲੇ ਹਿੱਸੇ ਨਾਲ ਟਕਰਾਇਆ ਸੀ।

ਫਾਇਰ ਵਿਭਾਗ ਵੱਲੋਂ ਜਾਰੀ ਕੀਤੀਆਂ ਗਈਆਂ ਤਸਵੀਰਾਂ ਵਿੱਚ ਬਚਾਅ ਟੀਮ ਦੇ ਮੈਂਬਰਾਂ ਨੂੰ ਇਮਾਰਤ ਖਾਲੀ ਕਰਵਾਉਣ ਵਿੱਚ ਨਿਵਾਸੀਆਂ ਦੀ ਮਦਦ ਕਰਦੇ ਹੋਏ ਦੇਖਿਆ ਜਾ ਸਕਦਾ ਹੈ। ਇਸ ਹਾਦਸੇ ਵਿੱਚ ਵੱਡਾ ਨੁਕਸਾਨ ਵੀ ਹੋ ਸਕਦਾ ਸੀ, ਪਰ ਖ਼ੁਸ਼ਕਿਸਮਤੀ ਰਹੀ ਕਿ ਇਮਾਰਤ ਵਿੱਚ ਮੌਜੂਦ ਲੋਕ ਸੁਰੱਖਿਅਤ ਬਚ ਗਏ।

# ਪੇਜ ਇੱਕ ਦੀ ਬਾਕੀ

## ਸਾਬਕਾ ਜਸਟਿਸ ਲੁਇਸ...

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਮੰਤਰੀ ਦਫਤਰ ਵਲੋਂ ਦੱਸਿਆ ਗਿਆ ਕਿ ਉਹ ਬਰਤਾਨਵੀ ਮਹਾਰਾਜੇ ਦੇ ਨਾਂਉਂ 'ਤੇ ਸਹੁੰ ਚੁੱਕਦੇ ਹੀ ਕਾਰਜਭਾਰ ਸੰਭਾਲ ਲੈਣਗੇ। ਉਸਦੀ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਗਿਆ ਕਿ 79 ਸਾਲਾ ਲੁਇਸ ਆਰਬਰ ਨੇ ਕਨੂੰਨ ਦੀ ਪੜਾਈ ਕੀਤੀ। ਮੂਲ ਰੂਪ 'ਚ ਕਿਊਬੈਕ ਵਾਸੀ ਹੋਣ ਕਰਕੇ ਉਸਨੂੰ ਅੰਰਗੇਜੀ ਅਤੇ ਫਰੈਂਚ ਭਾਸ਼ਾਵਾਂ 'ਚ ਮੁਹਾਰਤ ਹੈ। ਉਸਦੀ ਪਹਿਲੀ ਨਿਯੁਕਤੀ ਉਂਟਾਰੀਓ 'ਚ ਸਥਾਨਕ ਜੱਜ ਵਜੋਂ ਹੋਈ ਤੇ ਪਦਉਨਤ ਹੁੰਦੇ ਹੋਏ ਉਹ ਸੁਪਰੀਮ ਕੋਰਟ ਆਫ ਕੈਨੇਡਾ ਦੀ ਜੱਜ ਬਣੀ। ਉਸਨੇ ਕਈ ਕੌਮਾਂਤਰੀ ਸੰਗਠਨਾਂ ਵਿੱਚ ਕੈਨੇਡਾ ਦੇ ਪ੍ਰਤੀਨਿਧੀ ਵਜੋਂ ਸੇਵਾਵਾਂ ਨਿਭਾਈਆਂ। 2004 'ਚ ਸੁਪਰੀਮ ਕੋਰਟ ਦੇ ਜੱਜ ਵਜੋਂ ਅਸਤੀਫਾ ਦੇਣ ਤੋਂ ਬਾਦ ਉਸਨੂੰ ਯੂ ਐਨ ਓ ਦੇ ਮਨੁੱਖੀ ਅਧਿਕਾਰ ਵਿੰਗ ਦਾ ਕਮਿਸ਼ਨਰ ਬਣਾਇਆ ਗਿਆ। 2007 'ਚ ਉਸਨੂੰ ਮਨੁੱਖੀ ਅਧਿਕਾਰਾਂ ਦੀ ਸ਼ਿੱਦਤ ਨਾਲ ਪਹਿਰੇਦਾਰੀ ਅਤੇ ਜੱਜ ਵਜੋਂ ਕੈਨੇਡਿਆਈ ਕਾਨੂੰਨਾਂ ਦਾ ਮਾਣ ਸਨਮਾਨ ਵਧਾਉਣ ਬਦਲੇ ਆਰਡਰ ਆਫ ਕੈਨੇਡਾ ਦੇ ਸਨਮਾਨ ਨਾਲ ਨਿਵਾਜਿਆ ਗਿਆ।

ਕੈਨੇਡਾ ਦੇ ਗਵਰਨਰ ਜਨਰਲ ਨੂੰ ਬਰਤਾਨਵੀ ਮਹਾਰਾਜੇ (ਕਿੰਗ) ਦਾ ਪ੍ਰਤੀਨਿਧ ਵਜੋਂ ਸਤਿਕਾਰਿਆ ਜਾਂਦਾ ਹੈ। ਉਸਦੀ ਨਿਯੁਕਤੀ ਤੱਤਕਾਲੀ ਪ੍ਰਧਾਨ ਮੰਤਰੀ ਵਲੋਂ ਮਨੋਨੀਤ ਕਰਨ ਤੋਂ ਬਾਦ ਬਰਤਾਨਵੀ ਮਹਾਰਾਜੇ ਤੋਂ ਪ੍ਰਵਾਨਗੀ ਦੀ ਮੋਹਰ ਲਵਾਈ ਜਾਂਦੀ ਹੈ ਤੇ ਉਸਦੇ ਦੇ ਨਾਉਂ ਹੇਠ ਸਹੁੰ ਚੁਕਾਈ ਜਾਂਦੀ ਹੈ। ਆਮ ਤੌਰ 'ਤੇ ਇਹ ਨਿਯੁਕਤੀ ਪੰਜ ਸਾਲਾਂ ਲਈ ਹੁੰਦੀ ਹੈ, ਪਰ ਮਹਾਰਾਜਾ ਚਾਹੇ ਤਾਂ ਕਿਸੇ ਖਾਸ ਕਾਰਣ ਕਰਕੇ ਕਿਸੇ ਖਾਸ ਦੀ ਸਮਾਂ ਸੀਮਾ ਸੱਤ ਸਾਲ ਤੱਕ ਵਧਾ ਸਕਦਾ ਹੈ।

## ਨਿਊਯਾਰਕ 'ਚ...

ਕਰਨ ਦੀ ਧਮਕੀ ਦਿੰਦੇ ਹੋਏ ਸੁਣਿਆ ਗਿਆ। ਹਾਲਾਂਕਿ ਪੀੜਤ ਦੇ ਸੱਟਾਂ ਲੱਗੀਆਂ ਹਨ, ਪਰ ਸੋਸ਼ਲ ਮੀਡੀਆ ਅਪਡੇਟ ਵਿੱਚ ਦੱਸਿਆ ਗਿਆ ਹੈ ਕਿ ਉਹ ਸੁਰੱਖਿਅਤ ਹੈ ਅਤੇ "ਚੜ੍ਹਦੀ ਕਲਾ" ਵਿੱਚ ਹੈ। ਇਸ ਘਟਨਾ 'ਤੇ ਸਿੱਖ ਜਥੇਬੰਦੀਆਂ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ, ਜਿਨ੍ਹਾਂ ਨੇ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਭਾਈਚਾਰੇ ਦੇ ਬਜ਼ੁਰਗ ਮੈਂਬਰਾਂ, ਖਾਸ ਕਰਕੇ ਟੈਕਸੀ ਡਰਾਈਵਿੰਗ ਵਰਗੇ ਜਨਤਕ ਕੰਮਾਂ ਵਿੱਚ ਲੱਗੇ ਲੋਕਾਂ ਦੀ ਸੁਰੱਖਿਆ 'ਤੇ ਚਿੰਤਾ ਪ੍ਰਗਟਾਈ ਹੈ।

ਭਾਈਚਾਰਕ ਆਗੂਆਂ ਨੇ ਬਜ਼ੁਰਗ ਵਿਅਕਤੀ ਵਿਰੁੱਧ ਵਰਤੀ ਗਈ ਹਿੰਸਾ ਦੇ ਪੱਧਰ 'ਤੇ ਸਵਾਲ ਚੁੱਕੇ ਹਨ ਅਤੇ ਅਜਿਹੀ ਹਿੰਸਾ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਸਿੱਖ ਡਰਾਈਵਰਾਂ ਦੀ ਕਮਜ਼ੋਰ ਸਥਿਤੀ ਨੂੰ ਵੀ ਉਜਾਗਰ ਕੀਤਾ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪਰਵਾਸੀ ਅਤੇ ਸੀਨੀਅਰ ਨਾਗਰਿਕ ਹਨ।

ਇਹ ਘਟਨਾ ਅਜਿਹੀਆਂ ਹੋਰ ਮਿਲਦੀਆਂ-ਜੁਲਦੀਆਂ ਘਟਨਾਵਾਂ ਦੇ ਵਧਦੇ ਫਿਕਰਾਂ ਦੇ ਵਿਚਕਾਰ ਵਾਪਰੀ ਹੈ। 22 ਅਪਰੈਲ ਨੂੰ, ਓਂਟਾਰੀਓ ਦੇ ਵੁੱਡਸਟੌਕ ਵਿੱਚ ਇੱਕ ਵੱਖਰਾ ਮਾਮਲਾ ਸਾਹਮਣੇ ਆਇਆ ਸੀ, ਜਿੱਥੇ ਇੱਕ ਬਜ਼ੁਰਗ ਸਿੱਖ ਵਿਅਕਤੀ ਨੂੰ ਕਥਿਤ ਤੌਰ 'ਤੇ ਧੱਕਾ ਦਿੱਤਾ ਗਿਆ ਸੀ ਅਤੇ ਗਾਲੀ-ਗਲੋਚ ਕੀਤਾ ਗਿਆ ਸੀ, ਜਿਸ ਨੂੰ ਨਫ਼ਰਤ ਤੋਂ ਪ੍ਰੇਰਿਤ ਹਮਲੇ ਵਜੋਂ ਦੱਸਿਆ ਗਿਆ ਸੀ। ਅਮਰੀਕਾ ਵਿੱਚ ਸਿੱਖ ਟੈਕਸੀ ਡਰਾਈਵਰਾਂ 'ਤੇ ਹੋਏ ਪੁਰਾਣੇ ਘਾਤਕ ਹਮਲਿਆਂ ਨੇ ਭਾਈਚਾਰੇ ਵਿੱਚ ਚਿੰਤਾ ਨੂੰ ਹੋਰ ਵਧਾ ਦਿੱਤਾ ਹੈ, ਜਿਸ ਨਾਲ ਸੁਰੱਖਿਆ ਕਾਰਜ਼ਾਂ ਅਤੇ ਜਾਗਰੂਕਤਾ ਦੀ ਮੰਗ ਤੇਜ਼ ਹੋ ਗਈ ਹੈ।

ਨਿਊਯਾਰਕ ਦੇ ਅਧਿਕਾਰੀਆਂ ਨੇ ਅਜੇ ਤੱਕ ਇਸ ਘਟਨਾ 'ਤੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ। ਜਵਾਬਦੇਹੀ ਲਈ ਵਧ ਰਹੇ ਦਬਾਅ ਦੇ ਮੱਦੇਨਜ਼ਰ ਜਾਂਚ ਸ਼ੁਰੂ ਹੋਣ ਦੀ ਉਮੀਦ ਹੈ।

## ਚੀਨ 'ਚ ਪਟਾਕਿਆਂ ਦੀ...

ਅਤੇ ਫਾਇਰਫਾਈਟਿੰਗ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਬਚਾਅ ਅਤੇ ਰਾਹਤ ਕਾਰਜ ਜਾਰੀ ਹਨ। ਇਸ ਹਾਦਸੇ ਵਿੱਚ 21 ਲੋਕਾਂ ਦੀ ਮੌਤ ਹੋ ਗਈ, ਅਤੇ 61 ਹੋਰਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਜ਼ਖਮੀਆਂ ਦਾ ਇਸ ਸਮੇਂ ਇਲਾਜ ਚੱਲ ਰਿਹਾ ਹੈ।

ਰਿਪੋਰਟ ਅਨੁਸਾਰ, ਲਗਭਗ 500 ਬਚਾਅ ਕਰਮਚਾਰੀ ਘਟਨਾ ਸਥਾਨ 'ਤੇ ਤਾਇਨਾਤ ਕੀਤੇ ਗਏ ਹਨ। ਅਧਿਕਾਰੀਆਂ ਨੇ ਦੋ ਅਸਲਾ ਡਿਪੂਆਂ ਤੋਂ ਉੱਚ ਜੋਖਮ ਦਾ ਹਵਾਲਾ ਦਿੰਦੇ ਹੋਏ, ਖਤਰਨਾਕ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਬਾਹਰ ਕੱਢਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਧਿਕਾਰੀ ਧਮਾਕੇ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ ਪਰ ਕੰਪਨੀ ਦੇ ਇੰਚਾਰਜਾਂ ਵਿਰੁੱਧ "ਨਿਯੰਤਰਣ ਉਪਾਅ" ਕੀਤੇ ਹਨ, ਹਾਲਾਂਕਿ ਉਪਾਵਾਂ ਦੇ ਵੇਰਵੇ ਨਹੀਂ ਦਿੱਤੇ ਗਏ ਹਨ।

ਬਚਾਅ ਕਾਰਜ ਦੌਰਾਨ ਹੋਰ ਹਾਦਸਿਆਂ ਨੂੰ ਰੋਕਣ ਲਈ, ਬਚਾਅ ਕਰਮਚਾਰੀਆਂ ਨੇ ਸੰਭਾਵੀ ਖਤਰਿਆਂ ਨੂੰ ਖਤਮ ਕਰਨ ਲਈ ਛਿੜਕਾਅ ਅਤੇ ਨਮੀ ਦੇਣ ਵਰਗੇ ਉਪਾਅ ਅਪਣਾਏ ਹਨ।

ਉਨ੍ਹਾਂ ਨੇ ਖੋਜ ਅਤੇ ਬਚਾਅ ਕਾਰਜ ਵਿੱਚ ਸਹਾਇਤਾ ਲਈ ਤਿੰਨ ਰੋਬੋਟ ਵੀ ਤਾਇਨਾਤ ਕੀਤੇ ਹਨ। ਫਰਵਰੀ ਦੇ ਸ਼ੁਰੂ ਵਿੱਚ, ਚੀਨ ਨੇ ਚੰਦਰ ਨਵੇਂ ਸਾਲ ਦੇ ਆਲੇ-ਦੁਆਲੇ ਪਟਾਕਿਆਂ ਦੀਆਂ ਦੁਕਾਨਾਂ 'ਤੇ ਦੋ ਘਾਤਕ ਧਮਾਕਿਆਂ ਦੀ ਰਿਪੋਰਟ ਕੀਤੀ ਸੀ।

## ਅਲਬਰਟਾ 'ਚ ਇੱਕ...

ਲੈਂਦੇ ਸਮੇਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।

ਇਸ ਮੁਹਿੰਮ ਨੂੰ ਜਿੱਥੇ ਸਮਰਥਨ ਮਿਲ ਰਿਹਾ ਹੈ, ਉੱਥੇ ਹੀ ਸਖ਼ਤ ਵਿਰੋਧ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। 'ਅਥਾਬਾਸਕਾ ਚਿਪੇਵਯਾਨ ਫਸਟ ਨੇਸ਼ਨ' ਸਮੇਤ ਕਈ ਆਦਿਵਾਸੀ ਸਮੂਹਾਂ ਨੇ ਇਸ ਪ੍ਰਸਤਾਵ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵੱਖਰਾ ਦੇਸ਼ ਬਣਨ ਨਾਲ ਉਨ੍ਹਾਂ ਦੇ ਇਤਿਹਾਸਕ ਸੰਧੀ ਅਧਿਕਾਰਾਂ ਅਤੇ ਜ਼ਮੀਨੀ ਹੱਕਾਂ 'ਤੇ ਬੁਰਾ ਅਸਰ ਪਵੇਗਾ। ਇਸ ਤੋਂ ਇਲਾਵਾ ਅਦਾਲਤਾਂ ਨੇ ਵੀ ਸੰਕੇਤ ਦਿੱਤਾ ਹੈ ਕਿ ਅਜਿਹਾ ਜਨਮਤ ਸੰਗ੍ਰਹਿ ਸੰਵਿਧਾਨਕ ਨਿਯਮਾਂ ਦੇ ਖਿਲਾਫ ਹੋ ਸਕਦਾ ਹੈ। ਹਾਲਾਂਕਿ ਇਹ ਮੁੱਦਾ ਕਾਫੀ ਚਰਚਾ ਵਿਚ ਹੈ, ਪਰ ਤਾਜ਼ਾ ਸਰਵੇਖਣ ਦੱਸਦੇ ਹਨ ਕਿ ਫਿਲਹਾਲ ਸਿਰਫ 25 ਫੀਸਦੀ ਲੋਕ ਹੀ ਕੈਨੇਡਾ ਤੋਂ ਵੱਖ ਹੋਣ ਦੇ ਪੱਖ ਵਿਚ ਹਨ, ਜਦਕਿ ਵੱਡੀ ਗਿਣਤੀ ਇਸ ਦੇ ਖਿਲਾਫ ਹੈ। ਇਸ ਦੇ ਬਾਵਜੂਦ ਆਰਥਿਕ ਅਸੰਤੋਸ਼ ਅਤੇ ਖੇਤਰੀ ਅਣਦੇਖੀ ਕਾਰਨ ਇਹ ਅੰਦੋਲਨ ਲਗਾਤਾਰ ਮਜ਼ਬੂਤ ਹੁੰਦਾ ਦਿਖਾਈ ਦੇ ਰਿਹਾ ਹੈ।

## ਟਰੰਪ ਦੀ ਇਰਾਨ...

ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਬੁੱਧਵਾਰ ਨੂੰ ਕਿਹਾ ਕਿ ਉਨ੍ਹਾਂ ਦਾ ਦੇਸ਼ ਇਸ ਚੱਲ ਰਹੇ ਸੰਘਰਸ਼ ਤੋਂ "ਡੂੰਘਾ ਦੁਖੀ" ਹੈ। ਤਹਿਰਾਨ (ਇਰਾਨ) ਦੇ ਨਾਲ ਚੀਨ ਦੇ ਗੂੜ੍ਹੇ ਆਰਥਿਕ ਅਤੇ ਸਿਆਸੀ ਸਬੰਧਾਂ ਕਾਰਨ ਉਸ ਦੀ ਸਥਿਤੀ ਕਾਫ਼ੀ ਅਹਿਮ ਹੈ। ਇਸੇ ਕਾਰਨ ਟਰੰਪ ਪ੍ਰਸ਼ਾਸਨ ਹੁਣ ਚੀਨ 'ਤੇ ਲਗਾਤਾਰ ਦਬਾਅ ਪਾ ਰਿਹਾ ਹੈ ਕਿ ਉਹ ਆਪਣੇ ਪ੍ਰਭਾਵ ਦੀ ਵਰਤੋਂ ਕਰਕੇ ਇਰਾਨ ਨੂੰ ਹੋਰਮੁਜ਼ ਜਲਮਾਰਗ ਦੁਬਾਰਾ ਖੋਲ੍ਹਣ ਲਈ ਮਨਾਏ।

## ਅਮਰੀਕਾ ਨੇ ਫਿਰ...

'ਤੇ ਬੰਬ ਸੁੱਟਿਆ ਸੀ, ਉਸ ਤੋਂ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੋਣ ਦਾ ਸ਼ੱਕ ਸੀ। ਇਸ ਤੋਂ ਇਕ ਦਿਨ ਪਹਿਲਾਂ ਸੋਮਵਾਰ ਨੂੰ ਅਮਰੀਕੀ ਫੌਜ ਨੇ ਕੈਰੇਬੀਅਨ ਸਾਗਰ ਵਿਚ ਡਰੱਗਜ਼ ਦੀ ਇਕ ਹੋਰ ਸ਼ੱਕੀ ਕਿਸ਼ਤੀ 'ਤੇ ਹਮਲਾ ਕੀਤਾ ਸੀ, ਜਿਸ ਵਿਚ ਦੋ ਲੋਕ ਮਾਰੇ ਗਏ ਸਨ। ਮੌਜੂਦਾ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਪ੍ਰਸ਼ਾਸਨ ਨੇ ਲਾਤੀਨੀ ਅਮਰੀਕੀ ਪਾਣੀਆਂ ਵਿੱਚ ਨਸ਼ੀਲੇ ਪਦਾਰਥਾਂ ਨੂੰ ਲਿਜਾਣ ਦੇ ਸ਼ੱਕੀ ਕਿਸ਼ਤੀਆਂ ਨੂੰ ਬੰਬ ਨਾਲ ਉਡਾਉਣ ਲਈ ਇੱਕ ਵੱਡੀ ਮੁਹਿੰਮ ਸ਼ੁਰੂ ਕੀਤੀ ਹੈ। ਸਤੰਬਰ ਦੀ ਸ਼ੁਰੂਆਤ ਤੋਂ ਚੱਲ ਰਹੀ ਇਸ ਹਿੰਸਕ ਮੁਹਿੰਮ ਵਿੱਚ ਹੁਣ ਤੱਕ ਘੱਟੋ-ਘੱਟ 191 ਲੋਕਾਂ ਦੀ ਜਾਨ ਜਾ ਚੁੱਕੀ ਹੈ।

ਈਰਾਨ ਯੁੱਧ ਦੇ ਬਾਵਜੂਦ ਅਮਰੀਕਾ ਦੀ ਇਹ ਮੁਹਿੰਮ ਤੇਜ਼ ਹੋਈ?

ਈਰਾਨ ਨਾਲ ਚੱਲ ਰਹੀ ਜੰਗ ਦੇ ਬਾਵਜੂਦ, ਅਮਰੀਕਾ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਇਸ ਖੇਤਰ ਵਿੱਚ ਆਪਣੇ ਹਮਲਿਆਂ ਵਿੱਚ ਕਾਫ਼ੀ ਵਾਧਾ ਕੀਤਾ ਹੈ।

ਟਰੰਪ ਪ੍ਰਸ਼ਾਸਨ ਪੱਛਮੀ ਗੋਲਿਸਫਾਇਰ ਵਿੱਚ 'ਨਸ਼ੀਲੇ ਅੱਤਵਾਦ' ਨੂੰ ਖਤਮ ਕਰਨ ਲਈ ਇਹ ਸਭ ਕੁਝ ਕਰ ਰਿਹਾ ਹੈ।

ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਅਮਰੀਕੀ ਫੌਜ ਨੇ ਅਜੇ ਤੱਕ ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਦਿੱਤਾ ਹੈ ਕਿ ਇਨ੍ਹਾਂ ਤਬਾਹ ਹੋਈਆਂ ਕਿਸ਼ਤੀਆਂ ਵਿੱਚ ਅਸਲ ਵਿੱਚ ਨਸ਼ੇ ਮੌਜੂਦ ਸਨ।

ਅਮਰੀਕਾ ਨੇ ਪੀੜ੍ਹੀਆਂ ਵਿੱਚ ਇਸ ਖੇਤਰ ਵਿੱਚ ਆਪਣੀ ਸਭ ਤੋਂ ਵੱਡੀ ਫੌਜੀ ਮੌਜੂਦਗੀ ਸਥਾਪਿਤ ਕੀਤੀ ਹੈ। ਵਿਸ਼ਾਲ ਫੌਜੀ ਤਾਇਨਾਤੀ ਜਨਵਰੀ ਵਿੱਚ ਇੱਕ ਵੱਡੇ ਛਾਪੇ ਤੋਂ ਕੁਝ ਮਹੀਨੇ ਪਹਿਲਾਂ ਸ਼ੁਰੂ ਹੋਈ ਸੀ ਜਿਸ ਨੇ ਵੈਨੇਜ਼ੁਏਲਾ ਦੇ ਤਤਕਾਲੀ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਫੜ ਲਿਆ ਸੀ। ਮਾਦੁਰੋ ਨੂੰ ਫੜ ਲਿਆ ਗਿਆ ਅਤੇ ਨਿਊਯਾਰਕ ਲਿਆਂਦਾ ਗਿਆ, ਜਿੱਥੇ ਉਹ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ, ਹਾਲਾਂਕਿ ਉਸਨੇ ਅਦਾਲਤ ਵਿੱਚ ਬੇਕਸੂਰ ਹੋਣ ਦੀ ਬੇਨਤੀ ਕੀਤੀ ਹੈ। ਇਸ ਦੇ ਨਾਲ ਹੀ ਟਰੰਪ ਦੀ ਦਲੀਲ ਹੈ ਕਿ ਅਮਰੀਕਾ ਵਿੱਚ ਨਸ਼ਿਆਂ ਦੀ ਸਪਲਾਈ ਨੂੰ ਰੋਕਣ ਅਤੇ ਓਵਰਡੋਜ਼ ਕਾਰਨ ਅਮਰੀਕੀਆਂ ਦੀਆਂ ਮੌਤਾਂ ਨੂੰ ਘਟਾਉਣ ਲਈ ਇਹ ਸਖ਼ਤ ਕਦਮ ਚੁੱਕਣਾ ਬਹੁਤ ਜ਼ਰੂਰੀ ਹੈ।

## ਕੈਨੇਡਾ 'ਚ ਪੱਕੇ...

ਵਰਕਰ PR ਦੇ ਯੋਗ ਹੋਣਗੇ ਜੋ ਕਿਸੇ ਛੋਟੇ ਭਾਈਚਾਰੇ ਜਾਂ ਪੇਂਡੂ ਇਲਾਕੇ ਵਿੱਚ ਪਿਛਲੇ 2 ਸਾਲਾਂ ਤੋਂ ਰਹਿ ਰਹੇ ਹਨ ਅਤੇ ਕੰਮ ਕਰ ਰਹੇ ਹਨ। ਇਹ ਸਹੂਲਤ ਉਨ੍ਹਾਂ ਨੂੰ ਮਿਲੇਗੀ ਜਿਨ੍ਹਾਂ ਨੇ ਪਹਿਲਾਂ ਹੀ ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ (PNP), ਐਟਲਾਂਟਿਕ ਇਮੀਗ੍ਰੇਸ਼ਨ ਪ੍ਰੋਗਰਾਮ, ਕੇਅਰਗਿਵਰ ਪਾਇਲਟ ਜਾਂ ਐਗਰੀ-ਫੂਡ ਪਾਇਲਟ ਵਰਗੇ ਪ੍ਰੋਗਰਾਮਾਂ ਰਾਹੀਂ ਅਪਲਾਈ ਕੀਤਾ ਹੋਇਆ ਹੈ। ਰਾਹਤ ਦੀ ਗੱਲ ਇਹ ਹੈ ਕਿ ਯੋਗ ਉਮੀਦਵਾਰਾਂ ਨੂੰ ਕੋਈ ਨਵਾਂ ਫਾਰਮ ਭਰਨ ਦੀ ਲੋੜ ਨਹੀਂ ਹੈ। ਵਿਭਾਗ ਖੁਦ ਪੈਂਡਿੰਗ ਪਏ ਪੁਰਾਣੇ ਆਵੇਦਨਾਂ ਨੂੰ ਤੇਜ਼ੀ ਨਾਲ ਪ੍ਰੋਸੈਸ ਕਰੇਗਾ।

ਸਟੂਡੈਂਟ ਵੀਜ਼ਾ ਵਾਲਿਆਂ ਲਈ ਵਧੇਗੀ ਮੁਸ਼ਕਿਲ

ਜਿੱਥੇ ਵਰਕ ਪਰਮਿਟ ਵਾਲਿਆਂ ਲਈ ਖ਼ੁਸ਼ੀ ਹੈ, ਉੱਥੇ ਹੀ ਨਵੇਂ ਵਿਦਿਆਰਥੀਆਂ ਲਈ ਰਾਹ ਔਖਾ ਹੁੰਦਾ ਜਾ ਰਿਹਾ ਹੈ। ਨਵੀਂ ਨੀਤੀ ਮੁਤਾਬਕ 2026 ਵਿੱਚ ਸਿਰਫ 1.55 ਲੱਖ ਵਿਦਿਆਰਥੀਆਂ ਨੂੰ ਹੀ ਆਉਣ ਦੀ ਇਜਾਜ਼ਤ ਮਿਲੇਗੀ, ਜੋ ਕਿ 2025 ਦੇ ਮੁਕਾਬਲੇ ਲਗਭਗ ਅੱਧੀ ਹੈ। ਇਸ ਤੋਂ ਇਲਾਵਾ, ਨਵੇਂ ਵਰਕ ਪਰਮਿਟ ਜਾਰੀ ਕਰਨ ਦੇ ਟੀਚੇ ਵਿੱਚ ਵੀ ਕਟੌਤੀ ਕੀਤੀ ਗਈ ਹੈ।

ਕੈਨੇਡਾ ਦੇ ਪੇਂਡੂ ਵਿਕਾਸ ਸਕੱਤਰ ਬਕਲੇ ਬੇਲਾਂਜਰ ਅਨੁਸਾਰ, ਦੇਸ਼ ਦੇ ਖੇਤੀਬਾੜੀ, ਸਿਹਤ ਸੰਭਾਲ ਅਤੇ ਉਸਾਰੀ (Construction) ਵਰਗੇ ਖੇਤਰਾਂ ਵਿੱਚ ਮਜ਼ਦੂਰਾਂ ਦੀ ਭਾਰੀ ਕਮੀ ਹੈ। ਇਸ ਕਦਮ ਨਾਲ ਜਿੱਥੇ ਲੇਬਰ ਦੀ ਕਮੀ ਦੂਰ ਹੋਵੇਗੀ, ਉੱਥੇ ਹੀ ਸਰਕਾਰ ਦਾ ਟੀਚਾ 2027 ਤੱਕ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਕੁੱਲ ਆਬਾਦੀ ਦੇ 5% ਤੋਂ ਘੱਟ ਕਰਨਾ ਹੈ।

ਇਸ ਨੀਤੀ ਨਾਲ ਕੈਨੇਡਾ ਵਿੱਚ ਸਥਾਪਿਤ ਹੋ ਚੁੱਕੇ ਪ੍ਰਵਾਸੀਆਂ ਨੂੰ ਇੱਕ ਸਥਿਰ ਭਵਿੱਖ ਮਿਲੇਗਾ ਅਤੇ ਦੇਸ਼ ਦੀ ਆਰਥਿਕਤਾ ਵਿੱਚ ਵੀ ਸੁਧਾਰ ਆਵੇਗਾ।

## ਯਮੁਨਾ ਨਦੀ 'ਚ...

ਇੱਕ ਟਾਪੂ 'ਤੇ ਗਏ ਸਨ। ਵਾਪਸ ਆਉਂਦੇ ਸਮੇਂ, ਕਿਸ਼ਤੀ ਨਦੀ ਦੇ ਵਿਚਕਾਰ ਪਲਟ ਗਈ। ਕਿਸ਼ਤੀ ਵੀ ਲਾਪਤਾ ਹੈ। ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਮੌਜੂਦ ਹਨ।

ਬੁੱਧਵਾਰ ਰਾਤ ਨੂੰ ਹਨੇਰੇ ਕਾਰਨ ਲਾਪਤਾ ਲੋਕਾਂ ਦੀ ਭਾਲ ਵਿੱਚ ਰੁਕਾਵਟ ਆਈ। ਧ੍ਰਫ ਟੀਮ ਵੀਰਵਾਰ ਸਵੇਰ ਤੋਂ ਹੀ ਬਚਾਅ ਕਾਰਜਾਂ ਵਿੱਚ ਲੱਗੀ ਹੋਈ ਹੈ। ਸਵੇਰ ਤੋਂ ਹੀ ਮੀਂਹ ਟੀਮ ਲਈ ਕਾਫ਼ੀ ਮੁਸ਼ਕਲਾਂ ਪੈਦਾ ਕਰ ਰਿਹਾ ਹੈ। ਇਸ ਵੇਲੇ ਨਦੀ ਦੇ ਕੰਢੇ ਪਿੰਡ ਵਾਸੀਆਂ ਦੇ ਨਾਲ-ਨਾਲ ਪੁਲਿਸ ਅਤੇ ਪ੍ਰਸ਼ਾਸਨਿਕ ਟੀਮਾਂ ਦਾ ਇਕੱਠ ਹੈ। ਸੀਐਮ ਯੋਗੀ ਨੇ ਮਾਮਲੇ ਦਾ ਨੋਟਿਸ ਲਿਆ ਹੈ। ਉਨ੍ਹਾਂ ਅਧਿਕਾਰੀਆਂ ਨੂੰ ਲਾਪਤਾ ਲੋਕਾਂ ਨੂੰ ਜਲਦੀ ਤੋਂ ਜਲਦੀ ਲੱਭਣ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮਾਮਲਾ ਕੁਰੜਾ ਥਾਣਾ ਖੇਤਰ ਦੇ ਭੌਲੀ ਗ੍ਰਾਮ ਪੰਚਾਇਤ ਦੇ ਮਾਜਰਾ ਕੁਤੁਬਪੁਰ ਪਾਟੀਆ ਦਾ ਹੈ। ਇਹ ਪਿੰਡ ਯਮੁਨਾ ਨਦੀ ਦੇ ਕੰਢੇ ਸਥਿਤ ਹੈ। ਪਿੰਡ ਵਾਸੀ ਸ਼੍ਰੀਪਾਲ ਦੀ ਧੀ ਦਾ ਮੰਗਲਵਾਰ ਨੂੰ ਵਿਆਹ ਸੀ। ਬੁੱਧਵਾਰ ਨੂੰ ਵਿਦਾਈ ਤੋਂ ਬਾਅਦ, ਸ਼ਾਮ 6 ਵਜੇ ਦੇ ਕਰੀਬ, ਰਿਸ਼ਤੇਦਾਰਾਂ ਨੂੰ ਮਿਲਣ ਆਏ 10 ਲੋਕ ਇੱਕ ਕਿਸ਼ਤੀ ਵਿੱਚ ਸਵਾਰ ਹੋ ਕੇ ਯਮੁਨਾ ਪਾਰ ਕਰ ਗਏ। ਉੱਥੇ ਸਾਰਿਆਂ ਨੇ ਖਰਬੂਜਾ ਅਤੇ ਖੀਰਾ ਤੋੜਿਆ। ਖਾਣਾ ਖਾਣ ਤੋਂ ਬਾਅਦ, ਸਾਰੇ ਕਿਸ਼ਤੀ ਰਾਹੀਂ ਵਾਪਸ ਆ ਰਹੇ ਸਨ। ਪਰ ਅਚਾਨਕ ਕਿਸ਼ਤੀ ਯਮੁਨਾ ਨਦੀ ਵਿੱਚ ਆਪਣਾ ਸੰਤੁਲਨ ਗੁਆ ਬੈਠੀ ਅਤੇ ਪਲਟ ਗਈ।

# ਟਰੰਪ ਪ੍ਰਸ਼ਾਸਨ ਦਾ 'ਨਾਰਕੋ-ਅੱਤਵਾਦ' 'ਤੇ ਹਮਲਾ: ਇਸ ਸਾਗਰ ਵਿੱਚ ਮਚਾਈ ਤਬਾਹੀ, ਕਿਸ਼ਤੀ 'ਤੇ ਹਮਲਾ, ਦੋ ਦੀ ਮੌਤ



ਅਮਰੀਕੀ ਫੌਜ ਨੇ ਇੱਕ ਵਾਰ ਫਿਰ ਕੈਰੇਬੀਅਨ ਸਾਗਰ ਵਿੱਚ ਇੱਕ ਵੱਡਾ ਫੌਜੀ ਆਪ੍ਰੇਸ਼ਨ ਕੀਤਾ ਹੈ। ਅਮਰੀਕੀ ਫੌਜ ਨੇ ਨਸ਼ੀਲੇ ਪਦਾਰਥਾਂ ਦੀ ਢੋਆ-ਢੁਆਈ ਦੇ ਸ਼ੱਕ ਵਿੱਚ ਇੱਕ ਕਿਸ਼ਤੀ 'ਤੇ ਵੱਡਾ ਹਮਲਾ ਕੀਤਾ ਹੈ। ਇਸ ਭਿਆਨਕ ਹਮਲੇ ਵਿੱਚ ਕਿਸ਼ਤੀ ਵਿੱਚ ਸਵਾਰ ਦੋ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਘਟਨਾ ਦਰਸਾਉਂਦੀ ਹੈ ਕਿ ਮੌਜੂਦਾ ਅਮਰੀਕੀ ਰਾਸ਼ਟਰਪਤੀ ਟਰੰਪ ਦਾ ਪ੍ਰਸ਼ਾਸਨ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ ਕਿੰਨਾ ਸਖ਼ਤ ਅਤੇ ਹਮਲਾਵਰ ਕਦਮ ਚੁੱਕ ਰਿਹਾ ਹੈ। ਇਹ ਤਾਜ਼ਾ ਹਮਲਾ ਸਤੰਬਰ ਦੇ ਸ਼ੁਰੂ ਤੋਂ ਲੈਟਿਨ ਅਮਰੀਕੀ ਪਾਣੀਆਂ ਵਿੱਚ ਸ਼ੱਕੀ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੀਆਂ ਕਿਸ਼ਤੀਆਂ 'ਤੇ ਬੰਬਾਰੀ ਕਰਨ ਦੀ ਟਰੰਪ ਪ੍ਰਸ਼ਾਸਨ ਦੀ ਚੱਲ ਰਹੀ ਮੁਹਿੰਮ ਨੂੰ ਜਾਰੀ ਰੱਖਦਾ ਹੈ। ਹੁਣ ਤੱਕ ਅਜਿਹੇ ਹਮਲਿਆਂ ਵਿੱਚ ਕੁੱਲ 188 ਲੋਕ ਮਾਰੇ ਜਾ ਚੁੱਕੇ ਹਨ।

ਪੂਰਬੀ ਪ੍ਰਸ਼ਾਂਤ ਮਹਾਸਾਗਰ ਵਿੱਚ ਵੀ ਕਈ ਇਸ ਤਰ੍ਹਾਂ ਦੇ ਹਮਲੇ ਕੀਤੇ ਗਏ ਹਨ। ਈਰਾਨ ਯੁੱਧ ਦੇ ਬਾਵਜੂਦ, ਹਾਲ ਹੀ ਦੇ ਹਫ਼ਤਿਆਂ ਵਿੱਚ ਇਹ ਹਮਲੇ ਕਾਫ਼ੀ ਵੱਧ ਗਏ ਹਨ। ਅਮਰੀਕਾ ਇਸਨੂੰ "ਨਾਰਕੋ-ਅੱਤਵਾਦ" ਕਹਿ ਰਿਹਾ ਹੈ ਅਤੇ ਇਸਨੂੰ ਜੜ੍ਹੋਂ ਪੁੱਟਣ ਦਾ ਦਾਅਵਾ ਕਰ ਰਿਹਾ ਹੈ। ਹਾਲਾਂਕਿ ਅਮਰੀਕੀ ਫੌਜ ਲਗਾਤਾਰ ਇਨ੍ਹਾਂ ਕਿਸ਼ਤੀਆਂ ਨੂੰ ਨਿਸ਼ਾਨਾ ਬਣਾ ਰਹੀ ਹੈ, ਪਰ ਫੌਜ ਨੇ ਅਜੇ ਤੱਕ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ ਹੈ ਜੋ ਇਹ ਸਾਬਤ ਕਰੇ ਕਿ ਤਬਾਹ ਕੀਤੀਆਂ ਗਈਆਂ ਕਿਸ਼ਤੀਆਂ ਅਸਲ ਵਿੱਚ ਨਸ਼ੀਲੇ ਪਦਾਰਥਾਂ ਨਾਲ ਭਰੀਆਂ ਹੋਈਆਂ ਸਨ। ਅਮਰੀਕੀ ਦੱਖਣੀ ਕਮਾਂਡ ਨੇ ਸੋਮਵਾਰ ਦੇ ਤਾਜ਼ਾ ਹਮਲੇ ਸੰਬੰਧੀ ਆਪਣੇ ਪਿਛਲੇ ਬਿਆਨ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਇਸਨੇ ਜਾਣੇ-ਪਛਾਣੇ ਤਸਕਰੀ ਰੂਟਾਂ 'ਤੇ ਸ਼ੱਕੀ ਤਸਕਰਾਂ ਨੂੰ ਨਿਸ਼ਾਨਾ ਬਣਾਇਆ ਹੈ। ਫੌਜ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵੀ ਜਾਰੀ ਕੀਤਾ, ਜਿਸ ਵਿੱਚ ਇੱਕ ਕਿਸ਼ਤੀ ਪਾਣੀ ਵਿੱਚੋਂ ਲੰਘਦੀ ਦਿਖਾਈ ਦੇ ਰਹੀ ਹੈ ਅਤੇ ਫਿਰ ਇੱਕ ਵੱਡਾ ਧਮਾਕਾ ਹੋਇਆ ਜਿਸ ਨਾਲ ਉਹ ਅੱਗ ਦੀਆਂ ਲਪਟਾਂ ਵਿੱਚ ਘਿਰ ਗਈ। ਇਹ ਹਮਲੇ ਉਦੋਂ ਸ਼ੁਰੂ ਹੋਏ ਜਦੋਂ ਅਮਰੀਕਾ ਨੇ ਇਸ ਸਾਲ ਜਨਵਰੀ ਵਿੱਚ ਹੋਏ ਵੱਡੇ ਹਮਲੇ ਤੋਂ ਕੁਝ ਮਹੀਨੇ ਪਹਿਲਾਂ, ਪੀੜ੍ਹੀਆਂ ਵਿੱਚ ਇਸ ਖੇਤਰ ਵਿੱਚ ਆਪਣੀ ਸਭ ਤੋਂ ਵੱਡੀ ਫੌਜੀ ਮੌਜੂਦਗੀ ਸਥਾਪਤ ਕੀਤੀ ਸੀ। ਉਸ ਛਾਪੇਮਾਰੀ ਵਿੱਚ ਵੈਨੇਜ਼ੁਏਲਾ ਦੇ ਤਤਕਾਲੀ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸਦੀ ਗ੍ਰਿਫ਼ਤਾਰੀ ਤੋਂ ਬਾਅਦ, ਮਾਦੁਰੋ ਨੂੰ ਨਿਊਯਾਰਕ ਭੇਜ ਦਿੱਤਾ ਗਿਆ, ਜਿੱਥੇ ਉਸਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ, ਮਾਦੁਰੋ ਨੇ ਆਪਣੇ ਵਿਰੁੱਧ ਸਾਰੇ ਦੋਸ਼ਾਂ ਨੂੰ ਜ਼ੋਰਦਾਰ ਢੰਗ ਨਾਲ ਨਕਾਰਿਆ ਹੈ ਅਤੇ ਆਪਣੇ ਆਪ ਨੂੰ ਬੇਕਸੂਰ ਐਲਾਨਿਆ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia # M08006400 Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre



Best Bargain Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories



Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Made Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351 ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
1715 Sismet Road, Mississauga, ON. L4W 1P9 ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
www.besttruckrepairandtire.ca
Chevron Delo
open 7 Days a Week.



# ਸਰੀ ਸਥਿਤ ਕਪਿਲ ਸ਼ਰਮਾ ਕੈਫੇ ਨੇੜੇ 'ਚਾਏ ਸੁੱਟਾ ਬਾਰ' 'ਤੇ ਗੋਲੀਬਾਰੀ, ਗੈਂਗਸਟਰ ਨੇ ਜ਼ਿੰਮੇਵਾਰੀ ਲੈਂਦਿਆ ਕਪਿਲ ਨੂੰ ਦਿੱਤੀ ਧਮਕੀ




ਸਰੀ: ਕੈਨੇਡਾ ਦੇ ਸਰੀ ਸ਼ਹਿਰ ਵਿੱਚ ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਫੇ ਦੇ ਨੇੜੇ ਇੱਕ ਵਾਰ ਮੁੜ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ। ਇਹ ਚੌਥੀ ਵਾਰ ਹੈ ਜਦੋਂ ਇਸ ਇਲਾਕੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਵਾਰ ਗੋਲੀਆਂ ਕੈਫੇ ਦੇ ਕੋਲ ਸਥਿਤ ਇਕ ਕੈਫੇ 'ਚਾਏ ਸੁੱਟਾ ਬਾਰ' 'ਤੇ ਚਲਾਈਆਂ ਗਈਆਂ।

ਸੋਸ਼ਲ ਮੀਡੀਆ 'ਤੇ ਆਪਣੇ ਆਪ ਨੂੰ ਲਾਰੈਂਸ ਗੈਂਗ ਨਾਲ ਜੁੜਿਆ ਦੱਸਣ ਵਾਲੇ ਵਿਅਕਤੀ 'ਟਾਇਸਨ ਬਿਸ਼ਨੋਈ ਜੋਰਾ ਸਿੱਧੂ' ਨੇ ਕਪਿਲ ਸ਼ਰਮਾ ਨੂੰ ਧਮਕੀ ਦਿੰਦਿਆਂ ਲਿਖਿਆ ਕਿ ਇਹ ਸਿਰਫ਼ ਇੱਕ ਸੁਨੇਹਾ ਹੈ। ਉਸਨੇ ਕਿਹਾ ਕਿ ਜੇ ਗੱਲ ਨਾ ਮੰਨੀ ਗਈ ਤਾਂ ਅਗਲਾ ਨਿਸ਼ਾਨਾ ਕੈਪਸ ਕੈਫੇ ਅਤੇ ਮੁੰਬਈ ਵਾਲਾ ਘਰ ਹੋ ਸਕਦਾ ਹੈ। ਇਹ ਘਟਨਾ 120 ਸਟ੍ਰੀਟ ਇਲਾਕੇ ਵਿੱਚ ਹੋਈ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਆਲੇ-ਦੁਆਲੇ ਦੇ CCTV ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ।

ਕਪਿਲ ਸ਼ਰਮਾ ਨੇ ਆਪਣੀ ਪਤਨੀ ਗਿੰਨੀ ਚਤਰਥ ਨਾਲ ਮਿਲ ਕੇ 'ਕੈਪਸ ਕੈਫੇ' ਰਾਹੀਂ ਰੈਸਟੋਰੈਂਟ ਕਾਰੋਬਾਰ ਵਿੱਚ ਕਦਮ ਰੱਖਿਆ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਇਸ ਕੈਫੇ ਨੂੰ ਨਿਸ਼ਾਨਾ ਬਣਾਇਆ ਗਿਆ ਹੋਵੇ। 2025 ਵਿੱਚ ਵੀ ਤਿੰਨ ਵਾਰ ਫਾਇਰਿੰਗ ਹੋ ਚੁੱਕੀ ਹੈ—ਪਹਿਲੀ ਵਾਰ 10 ਜੁਲਾਈ ਨੂੰ ਉਦਘਾਟਨ ਤੋਂ ਕੁਝ ਦਿਨ ਬਾਅਦ, ਦੂਜੀ ਵਾਰ 7 ਅਗਸਤ ਨੂੰ ਅਤੇ ਤੀਜੀ ਵਾਰ 15-16 ਅਕਤੂਬਰ ਨੂੰ। ਉਸ ਸਮੇਂ ਵੀ ਲਾਰੈਂਸ ਗੈਂਗ ਨਾਲ ਜੁੜੇ ਲੋਕਾਂ ਨੇ ਜ਼ਿੰਮੇਵਾਰੀ ਲੈਣ ਦਾ ਦਾਅਵਾ ਕੀਤਾ ਸੀ।

ਰਿਪੋਰਟਾਂ ਮੁਤਾਬਕ, ਕਪਿਲ ਸ਼ਰਮਾ ਨੂੰ ਨਿਸ਼ਾਨਾ ਬਣਾਉਣ ਦੇ ਪਿੱਛੇ ਉਨ੍ਹਾਂ ਦਾ ਸਲਮਾਨ ਖਾਨ ਨਾਲ ਲਗਾਵ ਦੱਸਿਆ ਜਾ ਰਿਹਾ ਹੈ। ਕਿਹਾ ਜਾਂਦਾ ਹੈ ਕਿ 'ਦ ਗ੍ਰੇਟ ਇੰਡਿਅਨ ਕਪਿਲ ਸ਼ੋਅ' ਦੇ ਲਾਂਚ 'ਤੇ ਸਲਮਾਨ ਖਾਨ ਨੂੰ ਸੱਦਾ ਦੇਣ ਕਾਰਨ ਗੈਂਗ ਨਾਰਾਜ਼ ਹੋਇਆ ਸੀ।

ਲਾਰੈਂਸ ਗੈਂਗ ਅਤੇ ਸਲਮਾਨ ਖਾਨ ਵਿਚਆਲੇ ਵਿਵਾਦ 1998 ਦੇ ਕਾਲੇ ਹਿਰਨ ਸ਼ਿਕਾਰ ਮਾਮਲੇ ਨਾਲ ਜੁੜਿਆ ਹੋਇਆ ਦੱਸਿਆ ਜਾਂਦਾ ਹੈ, ਜਿਸ ਕਰਕੇ ਕਈ ਸਾਲਾਂ ਤੋਂ ਧਮਕੀਆਂ ਦਾ ਮਾਮਲਾ ਚੱਲ ਰਿਹਾ ਹੈ।

# ਅਮਰੀਕੀ ਹਵਾਈ ਸੈਨਾ ਦਾ KC-135 ਜਹਾਜ਼ ਕਤਰ ਦੇ ਉੱਪਰ ਉੱਡਦੇ ਸਮੇਂ ਹੋਇਆ ਲਾਪਤਾ

## ਐਮਰਜੈਂਸੀ ਸਿਗਨਲ ਜਾਰੀ ਕਰਨ ਤੋਂ ਬਾਅਦ ਗਾਇਬ




ਵਾਸ਼ਿੰਗਟਨ/ਦੋਹਾ: ਮੱਧ ਪੂਰਬ ਵਿੱਚ ਵਧਦੇ ਤਣਾਅ ਦੇ ਵਿਚਕਾਰ, ਅਮਰੀਕੀ ਹਵਾਈ ਸੈਨਾ ਦਾ ਇੱਕ KC-135 ਜਹਾਜ਼ ਲਾਪਤਾ ਹੋ ਗਿਆ ਹੈ। ਇਹ ਜਹਾਜ਼ ਕਤਰ ਦੇ ਉੱਪਰ ਉੱਡ ਰਿਹਾ ਸੀ ਜਦੋਂ ਇਹ ਅਚਾਨਕ ਰਾਡਾਰ ਤੋਂ ਗਾਇਬ ਹੋ ਗਿਆ। ਫਲਾਈਟ ਟਰੈਕਿੰਗ ਪਲੇਟਫਾਰਮ ਫਲਾਈਟ ਰਾਡਾਰ 24 ਦੇ ਅਨੁਸਾਰ, ਜਹਾਜ਼ ਨੇ ਉਡਾਣ ਦੌਰਾਨ "7700" ਦਾ ਇੱਕ ਸੰਕਟ ਸਿਗਨਲ ਜਾਰੀ ਕੀਤਾ, ਜੋ ਐਮਰਜੈਂਸੀ ਦਾ ਸੰਕੇਤ ਦਿੰਦਾ ਹੈ। KC-135 ਸਟ੍ਰੈਟੋਟੈਂਕਰ ਜਹਾਜ਼ ਨੂੰ ਇੱਕ ਉੱਡਣ ਵਾਲਾ ਗੈਸ ਸਟੇਸ਼ਨ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਹਵਾ ਵਿੱਚ ਲੜਾਕੂ ਜਹਾਜ਼ਾਂ ਨੂੰ ਬਾਲਣ ਪ੍ਰਦਾਨ ਕਰਦਾ ਹੈ।

ਰਿਪੋਰਟ ਅਨੁਸਾਰ ਇਹ ਜਹਾਜ਼ ਸੰਯੁਕਤ ਅਰਬ ਅਮੀਰਾਤ ਦੇ ਅਲ ਧਫਰਾ ਏਅਰ ਬੇਸ 'ਤੇ ਤਾਇਨਾਤ ਸੀ ਅਤੇ ਮੱਧ ਪੂਰਬ ਵਿੱਚ ਫੌਜੀ ਕਾਰਵਾਈਆਂ ਵਿੱਚ ਹਿੱਸਾ ਲੈ ਰਿਹਾ ਸੀ। ਟਰੈਕਿੰਗ ਡੇਟਾ ਦਰਸਾਉਂਦਾ ਹੈ ਕਿ ਜਹਾਜ਼ ਕੁਝ ਸਮੇਂ ਲਈ ਚੱਕਰ ਲਗਾਉਂਦਾ ਰਿਹਾ ਅਤੇ ਫਿਰ ਲੈਂਡਿੰਗ ਲਈ ਹੇਠਾਂ ਉਤਰਨਾ ਸ਼ੁਰੂ ਕਰ ਦਿੱਤਾ, ਪਰ ਥੋੜ੍ਹੀ ਦੇਰ ਬਾਅਦ ਸੰਪਰਕ ਟੁੱਟ ਗਿਆ। ਐਮਰਜੈਂਸੀ ਦਾ ਸਹੀ ਕਾਰਨ ਅਜੇ ਤੱਕ ਅਸਪਸ਼ਟ ਹੈ, ਅਤੇ ਇਸ ਘਟਨਾ ਨੂੰ ਕਿਸੇ ਦੁਸ਼ਮਣੀ ਵਾਲੀ ਕਾਰਵਾਈ ਨਾਲ ਜੋੜਨ ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ।

KC-135 ਸਟ੍ਰੈਟੋਟੈਂਕਰ ਇੱਕ ਫੌਜੀ ਜਹਾਜ਼ ਹੈ ਜੋ ਚਾਰ ਟਰਬੋਫੈਨ ਇੰਜਣਾਂ (ਇਸਦੇ ਖੰਭਾਂ ਦੇ ਹੇਠਾਂ ਲਗਾਇਆ ਗਿਆ) ਦੁਆਰਾ ਸੰਚਾਲਿਤ ਹੈ ਅਤੇ ਹਵਾਈ ਰਿਫਿਊਲਿੰਗ ਲਈ ਵਰਤਿਆ ਜਾਂਦਾ ਹੈ। ਜਹਾਜ਼ ਵਿੱਚ ਰਿਫਿਊਲਿੰਗ ਸਿਸਟਮ ਦੇ ਉੱਪਰ ਇੱਕ ਕਾਰਗੋ ਡੈੱਕ ਹੈ, ਜਿਸ ਨਾਲ ਇਹ ਯਾਤਰੀਆਂ ਅਤੇ ਉਪਕਰਣਾਂ ਦੋਵਾਂ ਨੂੰ ਲਿਜਾ ਸਕਦਾ ਹੈ। ਇਸ ਜਹਾਜ਼ ਦੀ ਵਰਤੋਂ ਹਵਾ ਵਿੱਚ ਦੂਜੇ ਜਹਾਜ਼ਾਂ ਨੂੰ ਈਂਧਨ ਭਰਨ ਲਈ ਕੀਤੀ ਜਾਂਦੀ ਹੈ। ਇਹ ਲੰਬੇ ਸਮੇਂ ਤੋਂ ਅਮਰੀਕੀ ਹਵਾਈ ਸੈਨਾ ਦੇ ਕਾਰਜਾਂ ਦਾ ਹਿੱਸਾ ਰਿਹਾ ਹੈ।ਇਹ ਜਹਾਜ਼ ਲੜਾਕੂ ਜਹਾਜ਼ਾਂ, ਬੰਬਾਰਾਂ ਅਤੇ ਹੋਰ ਫੌਜੀ ਜਹਾਜ਼ਾਂ ਨੂੰ ਲੰਬੇ ਸਮੇਂ ਲਈ ਹਵਾ ਵਿੱਚ ਰਹਿਣ ਅਤੇ ਲੰਬੀ ਦੂਰੀ ਤੱਕ ਉਡਾਣ ਭਰਨ ਵਿੱਚ ਮਦਦ ਕਰਦਾ ਹੈ। ਇਹ ਅਮਰੀਕੀ ਜਲ ਸੈਨਾ, ਮਰੀਨ ਅਤੇ ਸਹਿਯੋਗੀ ਦੇਸ਼ਾਂ ਦੇ ਜਹਾਜ਼ਾਂ ਦਾ ਵੀ ਸਮਰਥਨ ਕਰਦਾ ਹੈ। ਸੈਂਕੜੇ KC-135 ਜਹਾਜ਼ ਅਮਰੀਕੀ ਹਵਾਈ ਸੈਨਾ, ਏਅਰ ਨੈਸ਼ਨਲ ਗਾਰਡ ਅਤੇ ਏਅਰ ਫੋਰਸ ਰਿਜ਼ਰਵ ਦੀ ਸੇਵਾ ਵਿੱਚ ਹਨ। ਹਵਾ ਵਿੱਚ ਈਂਧਨ ਭਰਨ ਤੋਂ ਇਲਾਵਾ, KC-135 ਯਾਤਰੀਆਂ ਅਤੇ ਮਾਲ ਦੀ ਢੋਆ-ਢੁਆਈ ਵੀ ਕਰ ਸਕਦਾ ਹੈ, ਹਵਾਈ ਮੈਡੀਕਲ ਬਚਾਅ ਮਿਸ਼ਨਾਂ ਵਿੱਚ ਸਹਾਇਤਾ ਕਰ ਸਕਦਾ ਹੈ, ਅਤੇ ਵਿਸ਼ੇਸ਼ ਮੈਡੀਕਲ ਪੈਲੇਟਾਂ ਦੀ ਵਰਤੋਂ ਕਰਕੇ ਜ਼ਖਮੀ ਜਾਂ ਬਿਮਾਰ ਮਰੀਜ਼ਾਂ ਨੂੰ ਢੋਆ-ਢੁਆਈ ਕਰ ਸਕਦਾ ਹੈ।

# ਵ੍ਹਾਈਟ ਹਾਊਸ ਨੇੜੇ ਹਥਿਆਰਬੰਦ ਵਿਅਕਤੀ ਵੱਲੋਂ ਫਾਇਰਿੰਗ, ਇਲਾਕਾ ਸੀਲ!




ਵਾਸ਼ਿੰਗਟਨ : ਅਮਰੀਕਾ ਵਿੱਚ ਰਾਸ਼ਟਰਪਤੀ ਦੀ ਸੁਰੱਖਿਆ 'ਤੇ ਇੱਕ ਵਾਰ ਫਿਰ ਵੱਡੇ ਸਵਾਲ ਖੜ੍ਹੇ ਹੋ ਗਏ ਹਨ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਵ੍ਹਾਈਟ ਹਾਊਸ ਦੇ ਨੇੜੇ ਅਚਾਨਕ ਗੋਲੀਆਂ ਦੀ ਆਵਾਜ਼ ਗੂੰਜ ਕਾਰਨ ਇਲਾਕੇ ਵਿੱਚ ਹਫੜਾ ਦਫੜੀ ਮਚ ਗਈ। ਇਸ ਦਾ ਕਾਰਨ ਇੱਕ ਹਥਿਆਰਬੰਦ ਵਿਅਕਤੀ ਸੀ ਜੋ ਉੱਥੇ ਪਹੁੰਚ ਗਿਆ ਸੀ ਅਤੇ ਉਸ ਨੇ ਸੀਕਰੇਟ ਸਰਵਿਸ ਦੇ ਏਜੰਟਾਂ 'ਤੇ ਗੋਲੀਆਂ ਚਲਾਈਆਂ, ਜਵਾਬੀ ਕਾਰਵਾਈ ਵਿੱਚ ਉਸ ਨੂੰ ਗੋਲੀ ਮਾਰ ਦਿੱਤੀ ਗਈ। ਸੁਰੱਖਿਆ ਏਜੰਸੀਆਂ ਤੁਰੰਤ ਚੌਕਸ ਹੋ ਗਈਆਂ।

ਵੱਡੀ ਗੱਲ ਇਹ ਸੀ ਕਿ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਉਪ-ਰਾਸ਼ਟਰਪਤੀ ਦਾ ਕਾਫਲਾ ਅਜੇ ਉੱਥੋਂ ਲੰਘਿਆ ਹੀ ਸੀ। ਅਜੇ ਕੁਝ ਦਿਨ ਪਹਿਲਾਂ ਹੀ ਇੱਕ ਪ੍ਰੋਗਰਾਮ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਜਾਨਲੇਵਾ ਹਮਲੇ ਦੀ ਕੋਸ਼ਿਸ਼ ਹੋਈ ਸੀ । ਇਸ ਘਟਨਾ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ ਅਤੇ ਜਾਂਚ ਏਜੰਸੀਆਂ ਹੁਣ ਹਰ ਪਹਿਲੂ ਨੂੰ ਬਾਰੀਕੀ ਨਾਲ ਖੰਗਾਲ ਰਹੀਆਂ ਹਨ।

ਅਧਿਕਾਰੀਆਂ ਨੇ ਗੋਲੀ ਲੱਗਣ ਵਾਲੇ ਵਿਅਕਤੀ ਦੀ ਪਛਾਣ ਜਾਂ ਉਸਦੀ ਹਾਲਤ ਬਾਰੇ ਤੁਰੰਤ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ। ਘਟਨਾ ਦੇ ਸਮੇਂ ਰਾਸ਼ਟਰਪਤੀ ਟਰੰਪ ਵ੍ਹਾਈਟ ਹਾਊਸ ਦੇ ਅੰਦਰ ਇੱਕ ਬਿਜ਼ਨਸ ਈਵੈਂਟ ਦੀ ਮੇਜ਼ਬਾਨੀ ਕਰ ਰਹੇ ਸਨ।ਯੂ.ਐੱਸ. ਸੀਕਰੇਟ ਸਰਵਿਸ ਦੇ ਡਿਪਟੀ ਡਾਇਰੈਕਟਰ ਮੈਥਿਊ ਕੁਵਿਨ ਨੇ ਦੱਸਿਆ ਕਿ ਇਹ ਗੋਲੀਬਾਰੀ 'ਨੈਸ਼ਨਲ ਮਾਲ' ਦੇ ਨੇੜੇ ਹੋਈ। ਕੁਵਿਨ ਨੇ ਜਾਣਕਾਰੀ ਦਿੱਤੀ ਕਿ ਇਹ ਘਟਨਾ ਉਦੋਂ ਸ਼ੁਰੂ ਹੋਈ ਜਦੋਂ ਸੀਕਰੇਟ ਸਰਵਿਸ ਦੇ ਏਜੰਟਾਂ ਨੇ ਇੱਕ "ਸ਼ੱਕੀ ਵਿਅਕਤੀ" ਨੂੰ ਦੇਖਿਆ, ਜਿਸ ਕੋਲ ਹਥਿਆਰ ਹੋਣ ਦਾ ਸ਼ੱਕ ਸੀ। ਜਦੋਂ ਅਧਿਕਾਰੀਆਂ ਨੇ ਉਸ ਵਿਅਕਤੀ ਦੇ ਨੇੜੇ ਜਾਣ ਦੀ ਕੋਸ਼ਿਸ਼ ਕੀਤੀ, ਤਾਂ ਉਹ ਪੈਦਲ ਹੀ ਭੱਜਣ ਲੱਗਾ। ਇਸ ਤੋਂ ਬਾਅਦ ਉਸ ਨੇ ਆਪਣਾ ਹਥਿਆਰ ਕੱਢ ਲਿਆ ਅਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਸੀਕਰੇਟ ਸਰਵਿਸ ਦੇ ਏਜੰਟਾਂ ਨੇ ਜਵਾਬੀ ਕਾਰਵਾਈ ਵਿੱਚ ਗੋਲੀ ਚਲਾਈ ਜਿਸ ਦੌਰਾਨ ਸ਼ੱਕੀ ਵਿਅਕਤੀ ਜ਼ਖਮੀ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਪਰ ਉਸ ਦੀ ਹਾਲਤ ਬਾਰੇ ਤੁਰੰਤ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਰਾਸ਼ਟਰਪਤੀ ਸੁਰੱਖਿਅਤ ਹਨ ਅਤੇ ਵ੍ਹਾਈਟ ਹਾਊਸ ਦੀ ਸੁਰੱਖਿਆ ਵਿੱਚ ਕਿਸੇ ਕਿਸਮ ਦੀ ਸੰਨ੍ਹ ਨਹੀਂ ਲੱਗੀ ਹੈ। ਘਟਨਾ ਵਾਲੀ ਥਾਂ ਦੀ ਜਾਂਚ ਦੌਰਾਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਆਲੇ-ਦੁਆਲੇ ਦੇ ਇਲਾਕਿਆਂ ਨੂੰ ਆਰਜ਼ੀ ਤੌਰ 'ਤੇ ਸੀਲ ਕਰ ਦਿੱਤਾ ਸੀ। ਅਧਿਕਾਰੀਆਂ ਨੇ ਵ੍ਹਾਈਟ ਹਾਊਸ ਦੇ ਨੇੜਲੀਆਂ ਸੜਕਾਂ ਨੂੰ ਵੀ ਕੁਝ ਸਮੇਂ ਲਈ ਬੰਦ ਕਰ ਦਿੱਤਾ ਸੀ।

# ਸਰੀ ਵਿੱਚ ਪੰਜਾਬੀ ਕਾਰੋਬਾਰੀ ਦੇ ਕਤਲ ਦੀ ਗੋਂਦਾਰਾ ਗੈਂਗ ਨੇ ਲਈ ਜ਼ਿੰਮੇਵਾਰੀ



ਕੈਨੇਡਾ ਦੇ ਸਰੀ ਸਥਿਤ ਇੱਕ ਬਿਜ਼ਨੈਸ ਸੈਂਟਰ ਵਿੱਚ ਦਿਨ-ਦਿਹਾੜੇ ਦੋ ਅਣਪਛਾਤੇ ਹਮਲਾਵਰਾਂ ਨੇ ਪੰਜਾਬੀ ਕਾਰੋਬਾਰੀ ਸਤਬੀਰ ਸਿੰਘ ਵੜਿੰਗ ਉਰਫ਼ ਸੈਮ ਕੈਨੇਡਾ (30) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਵਾਰਦਾਤ ਨੂੰ ਉਸ ਸਮੇਂ ਅੰਜਾਮ ਦਿੱਤਾ ਗਿਆ ਜਦੋਂ ਸਤਬੀਰ ਆਪਣੇ ਦਫ਼ਤਰ ਵਿੱਚ ਬੈਠਾ ਸੀ। ਇਸ ਕਤਲ ਦੀ ਜ਼ਿੰਮੇਵਾਰੀ ਗੈਂਗਸਟਰ ਰੋਹਿਤ ਗੋਂਦਾਰਾ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਲਈ ਹੈ। ਗੋਂਦਾਰਾ ਨੇ ਦਾਅਵਾ ਕੀਤਾ ਹੈ ਕਿ ਸਤਬੀਰ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਕਰੀਬੀ ਸੀ, ਜਿਸ ਕਾਰਨ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਜਾਣਕਾਰੀ ਅਨੁਸਾਰ ਮੂੰਹ ਢੱਕ ਕੇ ਆਏ ਦੋ ਨੌਜਵਾਨਾਂ ਨੇ ਦਫ਼ਤਰ ਵਿੱਚ ਦਾਖ਼ਲ ਹੁੰਦਿਆਂ ਹੀ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਗੰਭੀਰ ਜ਼ਖ਼ਮੀ ਹਾਲਤ ਵਿੱਚ ਸਤਬੀਰ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲੀਸ ਮੁਤਾਬਕ ਵਾਰਦਾਤ ਤੋਂ ਕੁਝ ਸਮਾਂ ਪਹਿਲਾਂ ਕਿਸੇ ਅਣਜਾਣ ਨੰਬਰ ਤੋਂ ਦਫ਼ਤਰ ਵਿੱਚ ਫ਼ੋਨ ਕਰਕੇ ਸੈਮ ਬਾਰੇ ਪੁੱਛਗਿੱਛ ਵੀ ਕੀਤੀ ਗਈ ਸੀ, ਜਿਸ ਨੂੰ ਦਫ਼ਤਰ ਦੇ ਸਟਾਫ਼ ਨੇ ਆਮ ਗੱਲ ਸਮਝ ਕੇ ਨਜ਼ਰਅੰਦਾਜ਼ ਕਰ ਦਿੱਤਾ। ਮ੍ਰਿਤਕ ਇੱਥੇ ਇੰਮੀਗ੍ਰੇਸ਼ਨ ਅਤੇ ਪ੍ਰਾਪਰਟੀ ਡੀਲਿੰਗ ਦਾ ਕਾਰੋਬਾਰ ਕਰਦਾ ਸੀ।

ਸੂਤਰਾਂ ਅਨੁਸਾਰ ਸਤਬੀਰ ਸਿੰਘ ਮੂਲ ਰੂਪ ਵਿੱਚ ਪੰਜਾਬ ਦੇ ਅਬੋਹਰ ਇਲਾਕੇ ਨਾਲ ਸਬੰਧਤ ਸੀ ਅਤੇ ਕੁਝ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਆਇਆ ਸੀ। ਦੱਸਿਆ ਜਾ ਰਿਹਾ ਹੈ ਕਿ ਉਹ ਭਾਰਤ ਵਿੱਚ ਪੜ੍ਹਾਈ ਦੌਰਾਨ ਲਾਰੈਂਸ ਬਿਸ਼ਨੋਈ ਦਾ ਜਮਾਤੀ ਰਿਹਾ ਸੀ। ਪੁਲਿਸ ਇਸ ਮਾਮਲੇ ਨੂੰ ਕ੍ਰਿਕਟ ਮੈਚ ਫਿਕਸਿੰਗ ਦੇ ਐਂਗਲ ਤੋਂ ਵੀ ਦੇਖ ਰਹੀ ਹੈ, ਕਿਉਂਕਿ ਪਿਛਲੇ ਦਿਨੀਂ ਸੀਬੀਸੀ (CBC) ਦੀ ਇੱਕ ਰਿਪੋਰਟ ਵਿੱਚ ਮੈਚ ਫਿਕਸਿੰਗ ਸਿੰਡੀਕੇਟ ਬਾਰੇ ਵੱਡੇ ਖ਼ੁਲਾਸੇ ਕੀਤੇ ਗਏ ਸਨ। ਹਾਲਾਂਕਿ ਪੁਲੀਸ ਨੇ ਫਿਲਹਾਲ ਇਸ ਨੂੰ ਫਿਰੌਤੀ ਨਾਲ ਜੁੜਿਆ ਮਾਮਲਾ ਮੰਨਣ ਤੋਂ ਇਨਕਾਰ ਕੀਤਾ ਹੈ ਅਤੇ ਮ੍ਰਿਤਕ ਦੇ ਪਿਛੋਕੜ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਖਣਨ ਮਾਮਲੇ 'ਚ ਪਠਾਣਮਾਜਰਾ ਦਾ ਦੋ ਰੋਜ਼ਾ ਪੁਲੀਸ ਰਿਮਾਂਡ

ਕੇਂਦਰੀ ਜੇਲ੍ਹ ਬਠਿੰਡਾ 'ਚ ਬੰਦ ਪਟਿਆਲਾ ਜ਼ਿਲ੍ਹੇ ਦੇ ਹਲਕਾ ਸਨੌਰ ਤੋਂ 'ਆਪ' ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਜ਼ਿਲ੍ਹੇ ਦੇ ਥਾਣਾ ਜੁਲਕਾਂ ਦੀ ਪੁਲੀਸ ਵੱਲੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਦੌਰਾਨ ਅਦਾਲਤ ਵੱਲੋਂ 5 ਸਤੰਬਰ 2025 ਨੂੰ ਦਰਜ ਮਾਈਨਿੰਗ ਐਕਟ ਦੇ ਕੇਸ ਵਿੱਚ ਪਠਾਣਮਾਜਰਾ ਦਾ ਦੋ ਰੋਜ਼ਾ ਪੁਲੀਸ ਰਿਮਾਂਡ ਦਿੱਤਾ ਗਿਆ।

ਥਾਣਾ ਜੁਲਕਾਂ ਦੇ ਐੱਸ ਐੱਚ ਓ ਇੰਸਪੈਕਟਰ ਬਲਵਿੰਦਰ ਸਿੰਘ ਰਾਜਪੁਰਾ ਦੀ ਅਗਵਾਈ ਹੇਠਲੀ ਪੁਲੀਸ ਟੀਮ ਨੇ ਪਟਿਆਲਾ ਦੀ ਅਦਾਲਤ 'ਚ ਪਠਾਣਮਾਜਰਾ ਨੂੰ ਪੇਸ਼ ਕਰ ਕੇ 7 ਦਿਨਾਂ ਦੇ ਪੁਲੀਸ ਰਿਮਾਂਡ ਦੀ ਮੰਗ ਕੀਤੀ ਸੀ। ਇਸ ਦੌਰਾਨ ਸਰਕਾਰੀ ਵਕੀਲ ਨੇ ਤਰਕ ਇਹ ਦਿੱਤਾ ਕਿ ਸਨੌਰ ਹਲਕੇ 'ਚ ਹੁੰਦੀ ਰਹੀ ਗੈਰ-ਕਾਨੂੰਨੀ ਮਾਈਨਿੰਗ ਇਸ ਵਿਧਾਇਕ ਵੱਲੋਂ ਹੀ ਕਰਵਾਈ ਜਾਂਦੀ ਰਹੀ ਹੈ ਜਿਸ ਕਰ ਕੇ ਇਸ ਧੰਦੇ 'ਚ ਸ਼ੁਮਾਰ ਵਿਅਕਤੀਆਂ ਅਤੇ ਇਸ ਸਬੰਧੀ ਵਰਤੀ ਜਾਂਦੀ ਮਸ਼ੀਨਰੀ ਆਦਿ ਬਾਰੇ ਇਸ ਕੋਲੋਂ ਪੁੱਛ-ਪੜਤਾਲ ਕਰਨੀ ਹੈ। ਵਿਧਾਇਕ ਦੇ ਵਕੀਲਾਂ ਬੀ ਐੱਸ ਭੁੱਲਰ ਅਤੇ ਐੱਸ ਐੱਸ ਸੱਗੂ ਨੇ ਅਜਿਹੀਆਂ ਦਲੀਲਾਂ ਦਾ ਜ਼ੋਰਦਾਰ ਵਿਰੋਧ ਕੀਤਾ। ਅਦਾਲਤ ਨੇ ਦੋਵਾਂ ਧਿਰਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਮਗਰੋਂ ਵਿਧਾਇਕ ਦਾ ਦੋ ਰੋਜ਼ਾ ਦਾ ਪੁਲੀਸ ਰਿਮਾਂਡ ਦਿੱਤਾ।

## ਪੰਜਾਬ ਦੀ ਧੀ ਨੇ ਵਧਾਇਆ ਮਾਣ

# ਕੈਨੇਡੀਅਨ ਪੁਲਿਸ 'ਚ ਬਣੀ ਪੀਸ ਅਫਸਰ




ਪੰਜਾਬ ਦੀ ਧੀ ਨੇ ਕੈਨੇਡਾ ਵਿਚ ਵੱਡਾ ਮੁਕਾਮ ਹਾਸਲ ਕੀਤਾ ਹੈ। ਮੋਗਾ ਦੇ ਪਿੰਡ ਮੱਲਕੇ ਦੀ ਰਹਿਣ ਵਾਲੀ ਜਸਦੀਪ ਕੌਰ ਬਰਾੜ ਨੂੰ ਕੈਨੇਡੀਅਨ ਪੁਲਿਸ ਵਿੱਚ ਪੀਸ ਅਫਸਰ ਵਜੋਂ ਚੁਣਿਆ ਗਿਆ ਹੈ। ਉਸਦੇ ਪਿਤਾ ਪਿੰਡ ਦੇ ਸਰਪੰਚ ਹਨ। ਉਹ ਕੈਨੇਡਾ ਦੇ ਮੈਨੀਟੋਬਾ ਦੇ ਵਿਨੀਪੈਗ ਵਿੱਚ ਰਹਿੰਦੀ ਹੈ। ਉਹ 3 ਮਈ ਨੂੰ ਪੁਲਿਸ ਫੋਰਸ ਵਿੱਚ ਸ਼ਾਮਲ ਹੋਈ। ਉਸ ਦੀ ਟੀਮ ਵਿੱਚ 15 ਤੋਂ 20 ਕਰਮਚਾਰੀ ਹਨ ਅਤੇ ਉਸ ਦਾ ਮੁੱਖ ਕੰਮ ਸ਼ਹਿਰ ਵਿੱਚ ਸ਼ਾਂਤੀ ਬਣਾਈ ਰੱਖਣਾ ਹੈ। ਉਸ ਦੇ ਪਿਤਾ ਤੇ ਪਿੰਡ ਦੇ ਸਰਪੰਚ ਰਾਜਾ ਮੱਲਕੇ ਨੇ ਕਿਹਾ ਕਿ ਉਸਦੀ ਧੀ ਦਾ ਸੁਪਨਾ ਚੀਫ਼ ਹੈੱਡ ਬਣਨਾ ਹੈ, ਜਿਸ ਲਈ ਕੋਈ ਵੀ ਸੱਤ ਸਾਲ ਦੀ ਸੇਵਾ ਤੋਂ ਬਾਅਦ ਅਰਜ਼ੀ ਦੇ ਸਕਦਾ ਹੈ। ਲੋਕ ਉਨ੍ਹਾਂ ਨੂੰ ਵਧਾਈ ਦੇਣ ਲਈ ਉਨ੍ਹਾਂ ਦੇ ਘਰ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ ਜਸਦੀਪ ਨੇ ਕੈਨੇਡੀਅਨ ਪੁਲਿਸ ਵਿੱਚ ਪੀਸ ਅਫਸਰ ਦੇ ਅਹੁਦੇ ਤੱਕ ਪਹੁੰਚਣ ਲਈ ਸਖ਼ਤ ਮਿਹਨਤ ਅਤੇ ਲਗਨ ਨਾਲ ਕੰਮ ਕੀਤਾ ਹੈ।

ਜਸਦੀਪ ਕੌਰ ਬਰਾੜ ਨੇ ਆਪਣੀ ਮੁੱਢਲੀ ਸਿੱਖਿਆ ਮੋਗਾ ਵਿੱਚ 12ਵੀਂ ਜਮਾਤ ਤੱਕ ਪੂਰੀ ਕੀਤੀ। ਫਿਰ ਉਹ 2012 ਵਿੱਚ ਇੱਕ ਬਿਹਤਰ ਭਵਿੱਖ ਅਤੇ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਕੈਨੇਡਾ ਚਲੀ ਗਈ। ਉਸਦੇ ਮਾਮਾ ਜੀ ਪਹਿਲਾਂ ਹੀ ਉੱਥੇ ਰਹਿੰਦੇ ਸਨ, ਜਿਨ੍ਹਾਂ ਨੇ ਉਸਨੂੰ ਕੈਨੇਡਾ ਬੁਲਾਇਆ ਅਤੇ ਉਸ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ।

ਜਸਦੀਪ ਦੇ ਪਿਤਾ ਨੇ ਕਿਹਾ ਕਿ ਕੈਨੇਡਾ ਪਹੁੰਚਣ ਤੋਂ ਬਾਅਦ, ਉਸਨੇ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਗ੍ਰੈਜੂਏਸ਼ਨ ਕੀਤੀ। ਫਿਰ ਉਸ ਨੇ ਆਪਣੇ ਆਪ ਨੂੰ ਸਥਾਨਕ ਪ੍ਰਣਾਲੀ ਲਈ ਤਿਆਰ ਕੀਤਾ ਅਤੇ ਪੁਲਿਸ ਵਿਭਾਗ ਵਿੱਚ ਸ਼ਾਮਲ ਹੋਣ 'ਤੇ ਆਪਣੀ ਨਜ਼ਰ ਰੱਖੀ। ਇਸ ਦੌਰਾਨ ਉਸਨੂੰ ਸਖ਼ਤ ਮੁਕਾਬਲੇ ਅਤੇ ਚੋਣ ਪ੍ਰਕਿਰਿਆ ਦਾ ਸਾਹਮਣਾ ਕਰਨਾ ਪਿਆ, ਜਿਸ ਲਈ ਉਸਨੂੰ ਸਰੀਰਕ, ਮਾਨਸਿਕ ਅਤੇ ਅਕਾਦਮਿਕ ਤੌਰ 'ਤੇ ਆਪਣੇ ਆਪ ਨੂੰ ਸਾਬਤ ਕਰਨਾ ਸੀ।

ਜਸਦੀਪ 2023 ਵਿੱਚ ਆਪਣੇ ਭਰਾ ਦੇ ਵਿਆਹ ਲਈ ਪੰਜਾਬ ਵਾਪਸ ਆਈ। ਉਹ ਆਪਣੀ ਪੁਲਿਸ ਪ੍ਰੀਖਿਆ ਤੋਂ ਖੁੰਝ ਗਈ ਪਰ ਉਸਨੇ ਹਾਰ ਨਹੀਂ ਮੰਨੀ ਅਤੇ ਆਪਣੀ ਤਿਆਰੀ ਦੁਬਾਰਾ ਸ਼ੁਰੂ ਕਰ ਦਿੱਤੀ। ਅਖੀਰ ਉਸਦੀ ਮਿਹਨਤ ਰੰਗ ਲਿਆਈ ਅਤੇ 15 ਮਾਰਚ, 2026 ਨੂੰ, ਉਸਨੇ ਸਫਲਤਾਪੂਰਵਕ ਪੁਲਿਸ ਟੈਸਟ ਪਾਸ ਕਰ ਲਿਆ। ਇਸ ਤੋਂ ਬਾਅਦ, 3 ਮਈ, 2026 ਨੂੰ ਉਹ 'ਪੀਸ ਆਫੀਸਰ' ਵਜੋਂ ਆਪਣੀ ਨੌਕਰੀ ਵਿੱਚ ਸ਼ਾਮਲ ਹੋ ਗਈ। ਧੀ ਦੀ ਇਸ ਪ੍ਰਾਪਤੀ 'ਤੇ ਉਸ ਦੇ ਮੋਗਾ ਘਰ ਵਿਚ ਖੁਸ਼ੀ ਦਾ ਮਾਹੌਲ ਹੈ ਤੇ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ ਤੇ ਲੋਕਾਂ ਨੂੰ ਆਪਣੇ ਪਿੰਡ ਦੀ ਧੀ ਦੀ ਇਸ ਪ੍ਰਾਪਤੀ 'ਤੇ ਮਾਣ ਹੈ।

# ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ 1984 ਮਾਮਲੇ 'ਤੇ ਗ੍ਰਹਿ ਮੰਤਰੀ ਨੂੰ ਪੱਤਰ, ਖੜ੍ਹੇ ਕੀਤੇ ਗੰਭੀਰ ਸਵਾਲ

ਅੰਮ੍ਰਿਤਸਰ: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪ੍ਰੈਸ ਕਾਨਫਰੰਸ ਕਰਕੇ 1984 ਨਾਲ ਜੁੜੇ ਮਸਲਿਆਂ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਉਨ੍ਹਾਂ ਖ਼ਾਸ ਤੌਰ 'ਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਤੋਂ ਗਾਇਬ ਹੋਏ ਇਤਿਹਾਸਕ ਦਸਤਾਵੇਜ਼ਾਂ ਅਤੇ ਪਵਿੱਤਰ ਗ੍ਰੰਥਾਂ ਦੇ ਮਾਮਲੇ ਨੂੰ ਮੁੜ ਚਰਚਾ ਵਿੱਚ ਲਿਆਂਦਾ। ਉਨ੍ਹਾਂ ਦੇ ਮੁਤਾਬਕ, ਆਪਰੇਸ਼ਨ ਬਲੂ ਸਟਾਰ ਦੌਰਾਨ ਦਰਬਾਰ ਸਾਹਿਬ ਕੰਪਲੈਕਸ ਨੂੰ ਵੱਡਾ ਨੁਕਸਾਨ ਹੋਇਆ ਸੀ, ਜਿਸ ਕਾਰਨ ਕਈ ਕੀਮਤੀ ਹਸਤਲਿਖਤ ਬੀੜਾਂ, ਹੁਕਮਨਾਮੇ ਅਤੇ ਹੋਰ ਅਹਿਮ ਦਸਤਾਵੇਜ਼ ਗੁੰਮ ਹੋ ਗਏ। ਇਸ ਮਾਮਲੇ ਸਬੰਧੀ ਉਨ੍ਹਾਂ ਨੇ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਸਪਸ਼ਟ ਜਾਣਕਾਰੀ ਅਤੇ ਅਧਿਕਾਰਕ ਵਜਾਹਤ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਦਾਅਵਾ ਕੀਤਾ ਗਿਆ ਕਿ ਕੁਝ ਸਮੱਗਰੀ ਵਾਪਸ ਮਿਲ ਗਈ ਹੈ, ਪਰ ਇਸ ਬਾਰੇ ਪੂਰੀ ਤਰ੍ਹਾਂ ਸਪਸ਼ਟਤਾ ਨਹੀਂ ਮਿਲੀ।

ਉਨ੍ਹਾਂ ਇਹ ਵੀ ਮੰਗ ਕੀਤੀ ਕਿ ਇਸ ਮਾਮਲੇ ਨਾਲ ਜੁੜੀਆਂ ਸਾਰੀਆਂ ਜਾਂਚ ਰਿਪੋਰਟਾਂ ਅਤੇ ਸਰਕਾਰੀ ਰਿਕਾਰਡ ਜਨਤਕ ਕੀਤੇ ਜਾਣ, ਤਾਂ ਜੋ ਸੱਚਾਈ ਸਾਹਮਣੇ ਆ ਸਕੇ। ਉਨ੍ਹਾਂ ਦੇ ਅਨੁਸਾਰ, ਇਹ ਮਾਮਲਾ ਸਿਰਫ ਧਾਰਮਿਕ ਨਹੀਂ, ਸਗੋਂ ਇਤਿਹਾਸਕ ਅਤੇ ਭਾਵਨਾਤਮਕ ਤੌਰ 'ਤੇ ਵੀ ਬਹੁਤ ਮਹੱਤਵਪੂਰਨ ਹੈ, ਜੋ ਪੂਰੇ ਸਿੱਖ ਭਾਈਚਾਰੇ ਨਾਲ ਜੁੜਿਆ ਹੈ। ਇਸ ਬਿਆਨ ਤੋਂ ਬਾਅਦ ਸਿੱਖ ਸੰਗਤ ਵਿੱਚ ਮੁੜ ਚਿੰਤਾ ਅਤੇ ਚਰਚਾ ਦਾ ਮਾਹੌਲ ਬਣ ਗਿਆ ਹੈ। ਲੋਕਾਂ ਨੂੰ ਉਮੀਦ ਹੈ ਕਿ ਸਰਕਾਰ ਜਲਦੀ ਹੀ ਇਸ ਮਸਲੇ 'ਤੇ ਆਪਣਾ ਸਪਸ਼ਟ ਰੁਖ ਸਾਹਮਣੇ ਲਿਆਏਗੀ ਅਤੇ ਲੰਮੇ ਸਮੇਂ ਤੋਂ ਚੱਲ ਰਹੇ ਸਵਾਲਾਂ ਦੇ ਜਵਾਬ ਦੇਵੇਗੀ।













# ਧਮਾਕਿਆਂ ਨੂੰ ਲੈ ਕੇ CM ਮਾਨ ਦੇ ਬਿਆਨ ਨੂੰ BJP ਨੇ ਦੱਸਿਆ ਗਲਤ, ਭੇਜਿਆ ਮਾਣਹਾਨੀ ਦਾ ਨੋਟਿਸ



ਪੰਜਾਬ ‘ਚ ਹੋਏ ਬੰਬ ਧਮਾਕਿਆਂ ਦੇ ਮਾਮਲੇ ‘ਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭਾਜਪਾ ‘ਤੇ ਦਿੱਤੇ ਬਿਆਨ ਤੋਂ ਬਾਅਦ ਸਿਆਸੀ ਮਾਹੌਲ ਗਰਮਾਇਆ ਹੋਇਆ ਹੈ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਮੁੱਖ ਮੰਤਰੀ ਨੂੰ ਮਾਣਹਾਨੀ ਦਾ ਨੋਟਿਸ ਭੇਜਦਿਆਂ ਕਿਹਾ ਕਿ ਬਿਨਾਂ ਸਬੂਤ ਅਜਿਹੇ ਇਲਜ਼ਾਮ ਲਗਾਉਣਾ ਨਾ ਸਿਰਫ਼ ਗੈਰ-ਜ਼ਿੰਮੇਵਾਰਾਨਾ ਹੈ। ਤਰੁਣ ਚੁੱਘ ਨੇ ਕਿਹਾ ਕਿ ਭਗਵੰਤ ਮਾਨ ਨੇ ਮੁੱਖ ਮੰਤਰੀ ਦੇ ਅਹੁਦੇ ਦੀ ਮਰਿਆਦਾ ਨੂੰ ਨਜ਼ਰਅੰਦਾਜ਼ ਕਰਦਿਆਂ ਭਾਜਪਾ ਨੂੰ ਬੰਬ ਧਮਾਕਿਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਮੁੱਖ ਮੰਤਰੀ ਖਿਲਾਫ਼ ਮਾਣਹਾਨੀ, ਝੂਠੀ ਜਾਣਕਾਰੀ ਫੈਲਾਉਣ ਅਤੇ ਜਨਤਕ ਅਸ਼ਾਂਤੀ ਭੜਕਾਉਣ ਦੀ ਕੋਸ਼ਿਸ਼ ਦੇ ਤਹਿਤ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਆਪਣਾ ਬਿਆਨ ਵਾਪਿਸ ਲੈਣਾ ਚਾਹੀਦਾ ਹੈ।

# ਪੰਜਾਬ ਦੇ CM ਮਾਨ ਨੂੰ ਆਤਮਘਾਤੀ ਕਾਰ ਬੰਬ ਦੀ ਧਮਕੀ



ਜਲੰਧਰ/ਅੰਮ੍ਰਿਤਸਰ : ਪੰਜਾਬ ਵਿੱਚ ਸੁਰੱਖਿਆ ਸਥਿਤੀ ਉਸ ਸਮੇਂ ਹੋਰ ਗੰਭੀਰ ਹੋ ਗਈ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਦੀ 'ਸ਼ੁਕਰਾਨਾ ਯਾਤਰਾ' ਦੌਰਾਨ ਉਨ੍ਹਾਂ ਵਿਰੁੱਧ ਆਤਮਘਾਤੀ (Suicide Attack) ਕਾਰ ਬੰਬ ਹਮਲੇ ਦੀ ਧਮਕੀ ਮਿਲੀ। ਇਸ ਧਮਕੀ ਭਰੀ ਈਮੇਲ (Threat Email) ਵਿੱਚ ਨਾ ਸਿਰਫ਼ ਮੁੱਖ ਮੰਤਰੀ, ਸਗੋਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਵੀ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਹੈ। ਇਸ ਦੇ ਨਾਲ ਹੀ ਜਲੰਧਰ ਦੇ ਕਈ ਸਕੂਲਾਂ ਅਤੇ ਕਾਲਜਾਂ ਨੂੰ ਉਡਾਉਣ ਦੀ ਚੇਤਾਵਨੀ ਦਿੱਤੀ ਗਈ ਹੈ, ਜਿਸ ਕਾਰਨ ਪੂਰੇ ਸ਼ਹਿਰ ਵਿੱਚ ਦਹਿਸ਼ਤ ਦਾ ਮਾਹੌਲ ਹੈ।

ਇਸ ਦੌਰਾਨ ਜਲੰਧਰ ਦੇ ਬੀਐਸਐਫ (BSF) ਸਕੂਲ ਨੂੰ ਵੀਰਵਾਰ ਦੁਪਹਿਰ ਅਚਾਨਕ ਖਾਲੀ ਕਰਵਾ ਲਿਆ ਗਿਆ। ਜ਼ਿਕਰਯੋਗ ਹੈ ਕਿ ਇਹ ਸਕੂਲ ਉਸੇ ਬੀਐਸਐਫ ਹੈੱਡਕੁਆਰਟਰ ਦੇ ਅੰਦਰ ਸਥਿਤ ਹੈ, ਜਿਸ ਦੇ ਬਾਹਰ ਦੋ ਦਿਨ ਪਹਿਲਾਂ ਮੰਗਲਵਾਰ ਰਾਤ ਨੂੰ ਇੱਕ ਐਕਟਿਵਾ ਬੰਬ ਧਮਾਕਾ ਹੋਇਆ ਸੀ। ਹਾਲਾਂਕਿ, ਸਕੂਲ ਦੀ ਪ੍ਰਿੰਸੀਪਲ ਰੰਜਨਾ ਡੋਗਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਇੱਕ ਘੰਟਾ ਪਹਿਲਾਂ ਛੁੱਟੀ ਦੇਣ ਦਾ ਫੋਨ ਆਇਆ ਸੀ, ਪਰ ਉਨ੍ਹਾਂ ਨੂੰ ਕਿਸੇ ਖਾਸ ਧਮਕੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਏਡੀਸੀਪੀ (ADCP) ਆਕਰਸ਼ੀ ਜੈਨ ਨੇ ਦੱਸਿਆ ਕਿ ਪੁਲਿਸ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ। ਦੂਜੇ ਪਾਸੇ, ਜਲੰਧਰ ਦੇ ਏਪੀਜੇ (APJ) ਸਕੂਲ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ, ਜਿਸ ਤੋਂ ਬਾਅਦ ਪੁਲਿਸ ਨੇ ਸਾਵਧਾਨੀ ਵਜੋਂ ਤੁਰੰਤ ਸਰਚ ਆਪਰੇਸ਼ਨ (Search Operation) ਸ਼ੁਰੂ ਕਰ ਦਿੱਤਾ ਅਤੇ ਬੱਚਿਆਂ ਨੂੰ ਸੁਰੱਖਿਅਤ ਬਾਹਰ ਕੱਢਿਆ। ਮੁੱਖ ਮੰਤਰੀ ਦੀ ਜਲੰਧਰ ਫੇਰੀ ਕਾਰਨ ਪਹਿਲਾਂ ਹੀ ਸ਼ਹਿਰ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਸਨ, ਪਰ ਇਸ ਤਾਜ਼ਾ ਧਮਕੀ ਨੇ ਪੁਲਿਸ ਪ੍ਰਸ਼ਾਸਨ ਦੇ ਸਾਹ ਸੂਤ ਦਿੱਤੇ ਹਨ। ਸੁਰੱਖਿਆ ਏਜੰਸੀਆਂ ਹੁਣ ਇਸ ਗੱਲ ਦਾ ਪਤਾ ਲਗਾ ਰਹੀਆਂ ਹਨ ਕਿ ਇਹ ਈਮੇਲ ਕਿੱਥੋਂ ਜਨਰੇਟ (Generate) ਹੋਈ ਹੈ ਅਤੇ ਕੀ ਇਸ ਦਾ ਸਬੰਧ ਪਿਛਲੇ ਦਿਨੀਂ ਹੋਏ ਧਮਾਕਿਆਂ ਨਾਲ ਹੈ।

# ਜਲੰਧਰ ਧਮਾਕਾ ਮਾਮਲੇ 'ਚ ਪੁਲਿਸ ਨੇ ਦਵਿੰਦਰ ਸਿੰਘ ਨੂੰ ਕੀਤਾ ਗ੍ਰਿਫ਼ਤਾਰ

ਜਲੰਧਰ : ਜਲੰਧਰ ਧਮਾਕਾ ਮਾਮਲੇ ’ਚ ਸੁਰੱਖਿਆ ਏਜੰਸੀਆਂ ਨੇ ਜਲੰਧਰ ਦੇ ਬੀ.ਐਸ.ਐਫ਼. ਚੌਕ ਨੇੜੇ ਐਕਟਿਵਾ ਬੰਬ ਧਮਾਕਿਆਂ ਦੇ ਮਾਮਲੇ ਵਿਚ ਇਕ ਸ਼ੱਕੀ ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਕੋਲੋਂ ਇਕ ਹੈਂਡ ਗ੍ਰਨੇਡ ਅਤੇ ਇਕ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈਈਡੀ) ਬਰਾਮਦ ਕੀਤਾ ਗਿਆ ਹੈ। ਇਹ ਗ੍ਰਿਫ਼ਤਾਰੀ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਵਿਚ ਪ੍ਰੋਗਰਾਮ ਦੌਰਾਨ ਹੋਈ ਹੈ । ਹਾਲਾਂਕਿ ਪੁਲਿਸ ਨੇ ਮੁਲਜ਼ਮ ਦੀ ਗ੍ਰਿਫ਼ਤਾਰੀ ਦੀ ਕੋਈ ਫੋਟੋ ਜਾਂ ਵੀਡੀਓ ਜਾਰੀ ਨਹੀਂ ਕੀਤੀ ਹੈ। ਇਹ ਦਾਅਵਾ ਮੁੱਖ ਮੰਤਰੀ ਦੇ ਜਲੰਧਰ ਦੌਰੇ ਤੋਂ ਠੀਕ ਪਹਿਲਾਂ ਆਇਆ ਹੈ। ਮੁਲਜ਼ਮ ਦੀ ਪਛਾਣ ਦਵਿੰਦਰ ਸਿੰਘ ਵਜੋਂ ਹੋਈ ਹੈ, ਜੋ ਨਵਾਂਸ਼ਹਿਰ ਦੇ ਬੰਗਾ ਦਾ ਰਹਿਣ ਵਾਲਾ ਹੈ। ਉਸ ਨੂੰ ਆਰਮੀ ਏਰੀਆ ਦੇ ਬਹੁਤ ਨੇੜੇ ਇਕ ਇਲਾਕੇ ਤੋਂ ਫੜਿਆ ਗਿਆ ਸੀ। ਜਾਂਚ ਏਜੰਸੀਆਂ ਦੇ ਅਨੁਸਾਰ ਦਵਿੰਦਰ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ.ਦੇ ਇਸ਼ਾਰੇ 'ਤੇ ਬੰਬ ਧਮਾਕੇ ਕਰਨ ਆਇਆ ਸੀ। ਪੁੱਛਗਿੱਛ ਦੌਰਾਨ ਉਸ ਨੇ ਕਬੂਲ ਕੀਤਾ ਕਿ ਵਿਸਫੋਟਕ ਅਤੇ ਗ੍ਰਨੇਡ ਉਸ ਨੂੰ ਡਰੋਨ ਰਾਹੀਂ ਸਪਲਾਈ ਕੀਤੇ ਗਏ ਸਨ।

ਹਾਲਾਂਕਿ ਦਵਿੰਦਰ ਨੇ ਵਾਰ-ਵਾਰ ਦਾਅਵਾ ਕੀਤਾ ਹੈ ਕਿ ਉਸ ਨੂੰ ਸਿਰਫ਼ ਡਿਲੀਵਰੀ ਮਿਲੀ ਸੀ ਅਤੇ ਉਸ ਨੂੰ ਨਿਸ਼ਾਨੇ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ। ਏਜੰਸੀਆਂ ਦਾ ਮੰਨਣਾ ਹੈ ਕਿ ਉਹ ਮਹੱਤਵਪੂਰਨ ਜਾਣਕਾਰੀ ਲੁਕਾ ਰਿਹਾ ਹੈ।

# ਕੈਨੇਡਾ 'ਚ ਲਗਾਤਾਰ ਘੱਟ ਰਹੀਆਂ ਨੇ ਘਰਾਂ ਦੀਆਂ ਕੀਮਤਾਂ!

## * ਟੋਰਾਂਟੋ-ਬਰੈਂਪਟਨ ਦੀਆਂ ਕੀਮਤਾਂ ਨੇ ਕੀਤਾ ਹੈਰਾਨ * ਵਿਕਰੀ ਵੱਧਣ ਨਾਲ ਰੀਅਲ ਅਸਟੇਟ ਬਾਗ਼ੋ-ਬਾਗ




ਟੋਰਾਂਟੋ : ਕੈਨੇਡਾ ਵਿਚ ਘਰਾਂ ਦੀਆਂ ਕੀਮਤਾਂ ਲਗਾਤਾਰ ਘੱਟ ਰਹੀਆਂ ਹਨ ਅਤੇ ਆਪਣੇ ਸੁਪਨਿਆਂ ਦਾ ਆਲ੍ਹਣਾ ਖਰੀਦਣ ਲਈ ਤਿਆਰ ਬਰ ਤਿਆਰ ਲੋਕ ਮੌਕਾ ਖੁੰਝਣ ਨਹੀਂ ਦੇ ਰਹੇ। ਜੀ ਹਾਂ, ਕੀਮਤਾਂ ਘਟਣ ਮਗਰੋਂ ਵਿਕਰੀ ਵਿਚ ਵਾਧਾ ਹੋਇਆ ਹੈ ਅਤੇ ਅਪ੍ਰੈਲ ਮਹੀਨੇ ਦੌਰਾਨ 7 ਫ਼ੀ ਸਦੀ ਵੱਧ ਮਕਾਨ ਵਿਕੇ ਜਦਕਿ ਕੀਮਤਾਂ ਵਿਚ 5 ਫ਼ੀ ਸਦੀ ਕਮੀ ਦਰਜ ਕੀਤੀ ਗਈ। ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਦੇ ਅੰਕੜਿਆਂ ਮੁਤਾਬਕ ਅਪ੍ਰੈਲ 2025 ਦੇ ਮੁਕਾਬਲੇ ਇਕ ਘਰ ਦੀ ਔਸਤ ਕੀਮਤ ਘਟ ਕੇ 10 ਲੱਖ 52 ਹਜ਼ਾਰ ਡਾਲਰ ’ਤੇ ਆ ਗਈ। ਦੂਜੇ ਪਾਸੇ ਕਿਸ਼ਤਾਂ ਟੁੱਟਣ ਕਰ ਕੇ ਚਰਚਾ ਵਿਚ ਆਏ ਬਰੈਂਪਟਨ ਵਿਖੇ ਅਪ੍ਰੈਲ ਮਹੀਨੇ ਦੌਰਾਨ 406 ਮਕਾਨ ਵਿਕੇ ਅਤੇ ਇਹ ਅੰਕੜਾ ਮਾਰਚ ਦੇ ਮੁਕਾਬਲੇ 8 ਫ਼ੀ ਸਦੀ ਵੱਧ ਬਣਦਾ ਹੈ। ਟੋਰਾਂਟੋ ਰੀਅਲ ਅਸਟੇਟ ਬੋਰਡ ਦੇ ਮੁੱਖ ਸੂਚਨਾ ਅਫ਼ਸਰ ਜੇਸਨ ਮਰਸਰ ਨੇ ਦੱਸਿਆ ਕਿ ਕੀਮਤਾਂ ਵਿਚ ਕਮੀ ਦਾ ਖਰੀਦਾਰ ਲਾਹਾ ਲੈ ਰਹੇ ਹਨ ਜਦਕਿ ਵੇਚਣ ਵਾਲਿਆਂ ਨੂੰ ਨੁਕਸਾਨ ਬਰਦਾਸ਼ਤ ਕਰਨਾ ਪੈ ਰਿਹਾ ਹੈ।

ਸੰਭਾਵਤ ਤੌਰ ’ਤੇ ਇਸੇ ਕਰ ਕੇ ਅਪ੍ਰੈਲ ਦੌਰਾਨ ਵਿਕਰੀ ਵਾਸਤੇ ਨਵੇਂ ਸੂਚੀਬੱਧ ਮਕਾਨਾਂ ਦੀ ਗਿਣਤੀ 17 ਹਜ਼ਾਰ ਰਹਿ ਗਈ ਜੋ ਪਿਛਲੇ ਸਾਲ ਦੇ ਮੁਕਾਬਲੇ 9.3 ਫ਼ੀ ਸਦੀ ਘੱਟ ਬਣਦੀ ਹੈ। ਗਰੇਟਰ ਟੋਰਾਂਟੋ ਏਰੀਆ ਵਿਚ ਵਿਕਰੀ ਲਈ ਮੌਜੂਦ ਮਕਾਨਾਂ ਦੀ ਕੁਲ 25,110 ਦੱਸੀ ਜਾ ਰਹੀ ਹੈ ਜੋ ਪਿਛਲੇ ਸਾਲ ਦੇ ਮੁਕਾਬਲੇ 6.4 ਫ਼ੀ ਸਦੀ ਘੱਟ ਬਣਦੀ ਹੈ। ਦੂਜੇ ਪਾਸੇ ਰੀਅਲ ਬ੍ਰੋਕਰ ਉਨਟਾਰੀਓ ਦੀ ਜੈਸਿਕਾ ਹੈਮਲ ਨੇ ਦਾਅਵਾ ਕੀਤਾ ਕਿ ਕੁਝ ਇਲਾਕਿਆਂ ਵਿਚ ਹੁਣ ਵੀ ਇਕ ਮਕਾਨ ਦੇ ਕਈ ਕਈ ਖਰੀਦਾਰ ਮੌਜੂਦ ਹਨ ਅਤੇ ਲੋਕ ਇਕ-ਦੂਜੇ ਤੋਂ ਵਧ ਕੇ ਕੀਮਤ ਅਦਾ ਕਰਨ ਦੇ ਯਤਨ ਕਰ ਰਹੇ ਹਨ। ਟੋਰਾਂਟੋ ਸ਼ਹਿਰ ਦਾ ਜ਼ਿਕਰ ਕੀਤਾ ਜਾਵੇ ਤਾਂ ਇਥੇ ਅਪ੍ਰੈਲ ਦੌਰਾਨ 2,312 ਮਕਾਨਾਂ ਦੀ ਵਿਕਰੀ ਹੋਈ ਜੋ ਪਿਛਲੇ ਸਾਲ ਦੇ ਮੁਕਾਬਲੇ 9.2 ਫ਼ੀ ਸਦੀ ਵੱਧ ਬਣਦੀ ਹੈ। ਇਸ ਉਲਟ ਗਰੇਟਰ ਟੋਰਾਂਟੋ ਏਰੀਆ ਦੇ ਬਾਕੀ ਇਲਾਕਿਆਂ ਵਿਚ 3,634 ਮਕਾਨ ਵਿਕੇ ਅਤੇ ਇਹ ਅੰਕੜਾ 5.7 ਫ਼ੀ ਸਦੀ ਵੱਧ ਬਣਦਾ ਹੈ। ਮਕਾਨਾਂ ਦੀਆਂ ਕਿਸਮਾਂ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਡਿਟੈਚਡ ਮਕਾਨਾਂ ਦੀ ਵਿਕਰੀ ਵਿਚ 9.2 ਫ਼ੀ ਸਦੀ ਵਾਧਾ ਹੋਇਆ ਜਦਕਿ ਕੌਂਡੋਜ਼ ਦੀ ਸੇਲ 9.1 ਫ਼ੀ ਸਦੀ ਵਧੀ। ਟਾਊਨ ਹਾਊਸ ਅਤੇ ਸੈਮੀ ਡਿਟੈਚਡ ਮਕਾਨਾਂ ਦੀ ਵਿਕਰੀ ਵਿਚ ਮਾਮੂਲੀ ਤੌਰ ’ਤੇ 0.6 ਫ਼ੀ ਸਦੀ ਅਤੇ 0.4 ਫ਼ੀ ਸਦੀ ਵਾਧਾ ਹੋਇਆ। ਦੱਸ ਦੇਈਏ ਕਿ ਪਿਛਲੇ ਦਿਨੀਂ ਸਾਹਮਣੇ ਆਈ ਇਕ ਰਿਪੋਰਟ ਵਿਚ ਪਾਵਰ ਆਫ਼ ਸੇਲ ਦਾ ਖ਼ਾਸ ਤੌਰ ’ਤੇ ਜ਼ਿਕਰ ਕੀਤਾ ਗਿਆ ਅਤੇ ਰੀਅਲ ਅਸਟੇਟ ਦੇ ਮਾਹਰ ਇਸ ਮਸਲੇ ਉਤੇ ਚਾਨਣਾ ਪਾ ਰਹੇ ਹਨ।

ਮਾਹਰਾਂ ਮੁਤਾਬਕ ਕਿਸ਼ਤਾਂ ਟੁੱਟਣ ਦੀ ਸੂਰਤ ਵਿਚ ਕਾਨੂੰਨ ਮੁਤਾਬਕ ਕਾਰਵਾਈ ਕਰਦਿਆਂ ਕੋਈ ਬੈਂਕ ਜਾਂ ਵਿੱਤੀ ਅਦਾਰਾ ਜਾਇਦਾਦ ਵੇਚ ਕੇ ਆਪਣੀ ਰਕਮ ਪੂਰੀ ਕਰਦਾ ਹੈ ਅਤੇ ਪਾਵਰ ਆਫ਼ ਸੇਲ ਪ੍ਰਕਿਰਿਆ ਤਹਿਤ ਬੈਂਕ ਜਾਂ ਵਿੱਤੀ ਅਦਾਰਾ ਬੈਂਕ ਦਾ ਮਾਲਕ ਨਹੀਂ ਬਣਦਾ ਹੈ। ਦੂਜੇ ਪਾਸੇ ਫ਼ੌਰਕਲੋਜ਼ਰ ਦੀ ਹਾਲਤ ਵਿਚ ਕਰਜ਼ਾ ਦੇਣ ਵਾਲਾ ਬੈਂਕ ਜਾ ਵਿੱਤੀ ਅਦਾਰਾ ਮਾਲਕ ਬਣ ਜਾਂਦਾ ਹੈ। ਪਾਵਰ ਆਫ਼ ਸੇਲ ਵਿਚ ਕਰਜ਼ੇ ਤੋਂ ਵੱਧ ਰਕਮ ਹਾਸਲ ਹੋਣ ’ਤੇ ਮਕਾਨ ਮਾਲਕ ਨੂੰ ਫ਼ਾਇਦਾ ਹੁੰਦਾ ਹੈ ਜਦਕਿ ਫੌਰਕਲੋਜ਼ਰ ਵਿਚ ਵਾਧੂ ਰਕਮ ਬੈਂਕ ਕੋਲ ਚਲੀ ਜਾਂਦੀ ਹੈ। ਮਿਸਾਲ ਵਜੋਂ ਜੇ ਕਿਸੇ ਸ਼ਖਸ ਨੇ 10 ਲੱਖ ਡਾਲਰ ਦਾ ਕਰਜ਼ਾ ਲਿਆ ਹੈ ਅਤੇ ਮਕਾਨ 11 ਲੱਖ ਡਾਲਰ ਵਿਚ ਵਿਕਦਾ ਹੈ ਤਾਂ ਪਾਵਰ ਆਫ਼ ਸੇਲ ਦੇ ਮਾਮਲੇ ਵਿਚ ਇਕ ਲੱਖ ਡਾਲਰ ਕਰਜ਼ਦਾਰ ਨੂੰ ਮਿਲਣਗੇ ਜਦਕਿ ਫੌਰਕਲੋਜ਼ਰ ਦੇ ਮਾਮਲੇ ਵਿਚ ਇਹ ਰਕਮ ਬੈਂਕ ਜਾਂ ਵਿੱਤੀ ਅਦਾਰੇ ਕੋਲ ਜਾਵੇਗੀ। ਇਸ ਦੇ ਉਲਟ ਮਕਾਨ 9 ਲੱਖ ਡਾਲਰ ਵਿਚ ਵਿਕਿਆ ਤਾਂ ਪਾਵਰ ਆਫ਼ ਸੇਲ ਦੀ ਸੂਰਤ ਵਿਚ ਸਬੰਧਤ ਸ਼ਖਸ ਦੇ ਸਿਰ ਇਕ ਲੱਖ ਡਾਲਰ ਦਾ ਕਰਜ਼ਾ ਬਕਾਇਆ ਰਹੇਗਾ ਪਰ ਫੌਰਕਲੋਜ਼ਰ ਦੀ ਸੂਰਤ ਵਿਚ ਕੋਈ ਦੇਣਦਾਰੀ ਬਾਕੀ ਨਹੀਂ ਬਚਣੀ ਅਤੇ ਘਾਟਾ ਬੈਂਕ ਬਰਦਾਸ਼ਤ ਕਰੇਗਾ।

# ਕੈਨੇਡਾ 'ਚ ਵਸੂਲੀ ਅਤੇ shooting cases 'ਚ ਪੰਜਾਬ ਦੇ 7 ਨੌਜਵਾਨਾਂ 'ਤੇ ਕਾਰਵਾਈ

## * ਦੋ ਪੰਜਾਬੀ ਨਾਗਰਿਕ ਕੈਨੇਡਾ ਤੋਂ ਡਿਪੋਰਟ * ਗੋਲੀਬਾਰੀ ਮਾਮਲੇ 'ਚ ਤਿੰਨ ਗ੍ਰਿਫ਼ਤਾਰ




ਸਰੀ : ਕੈਨੇਡਾ ਵਿੱਚ ਪੰਜਾਬ ਤੋਂ ਗਏ 7 ਨੌਜਵਾਨਾਂ ਦੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਸਰੀ ਪੁਲਿਸ ਨੇ ਹਿੰਸਕ ਜਬਰਦਸਤੀ ਵਸੂਲੀ, ਗੋਲੀਬਾਰੀ ਅਤੇ ਹਥਿਆਰਾਂ ਨਾਲ ਜੁੜੇ ਮਾਮਲਿਆਂ ਵਿੱਚ ਪੰਜਾਬੀ ਮੂਲ ਦੇ ਸੱਤ ਨੌਜਵਾਨਾਂ ਖ਼ਿਲਾਫ਼ ਗੰਭੀਰ ਕਾਰਵਾਈ ਸ਼ੁਰੂ ਕੀਤੀ ਹੈ। ਇਹ ਕਾਰਵਾਈ “ਪ੍ਰੋਜੈਕਟ ਐਸ਼ੋਰੈਂਸ” ਤਹਿਤ ਕੀਤੀ ਜਾ ਰਹੀ ਹੈ, ਜਿਸਦਾ ਉਦੇਸ਼ ਸੰਗਠਿਤ ਅਪਰਾਧਿਕ ਨੈੱਟਵਰਕ ’ਤੇ ਸ਼ਿਕੰਜਾ ਕੱਸਣਾ ਹੈ।

ਪੁਲਿਸ ਮੁਤਾਬਕ 20 ਸਾਲਾ Prabhjot Singh ਅਤੇ 22 ਸਾਲਾ ਲ਼ੋਵਬਿਰ ਸ਼ਿਨਗਹ ਨੂੰ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਗਿਆ ਹੈ। ਦੋਵਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ Canada Border Services Agency (CBSA) ਨੇ ਇਮੀਗ੍ਰੇਸ਼ਨ ਸਮੀਖਿਆ ਕੀਤੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਤੁਰੰਤ ਦੇਸ਼ ਤੋਂ ਬਾਹਰ ਭੇਜ ਦਿੱਤਾ ਗਿਆ।

ਸਰੀ ਪੁਲਿਸ ਨੇ ਦੋਵਾਂ ਦੋਸ਼ੀਆਂ ਦੀਆਂ ਤਸਵੀਰਾਂ ਜਨਤਕ ਕੀਤੀਆਂ ਹਨ ਤਾਂ ਜੋ ਉਨ੍ਹਾਂ ਦੇ ਸਾਥੀਆਂ ਅਤੇ ਜਬਰਦਸਤੀ ਵਸੂਲੀ ਗਿਰੋਹ ਦੇ ਨੈੱਟਵਰਕ ਬਾਰੇ ਹੋਰ ਜਾਣਕਾਰੀ ਇਕੱਠੀ ਕੀਤੀ ਜਾ ਸਕੇ। 1 ਫਰਵਰੀ ਨੂੰ ਕ੍ਰੈਸੈਂਟ ਬੀਚ ਇਲਾਕੇ ਵਿੱਚ ਹੋਈ ਗੋਲੀਬਾਰੀ ਦੇ ਮਾਮਲੇ ਵਿੱਚ ਤਿੰਨ ਹੋਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਵਿੱਚ Harjot Singh (21), Taranveer Singh (19) ਅਤੇ Dayajit Singh Billing (21) ਸ਼ਾਮਲ ਹਨ।

ਪੁਲਿਸ ਦਾ ਕਹਿਣਾ ਹੈ ਕਿ ਦੋਸ਼ੀ ਇੱਕ ਘਰ ’ਤੇ ਕਥਿਤ ਗੋਲੀਬਾਰੀ ਕਰਨ ਤੋਂ ਬਾਅਦ ਰਾਈਡਸ਼ੇਅਰ ਵਾਹਨ ਵਿੱਚ ਫਰਾਰ ਹੋਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਉਨ੍ਹਾਂ ਨੂੰ ਤੁਰੰਤ ਕਾਬੂ ਕਰ ਲਿਆ ਗਿਆ। ਤਿੰਨਾਂ ਖ਼ਿਲਾਫ਼ ਹਥਿਆਰ ਚਲਾਉਣ ਅਤੇ ਹੋਰ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇੱਕ ਹੋਰ ਮਾਮਲੇ ਵਿੱਚ Harshdeep Singh ਅਤੇ Hanspreet Singh ਨੂੰ ਜਨਵਰੀ ਦੇ ਅਖੀਰ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੇ 129 ਸਟਰੀਟ ਨੇੜੇ ਗਸ਼ਤ ਦੌਰਾਨ ਉਨ੍ਹਾਂ ਦੇ ਵਾਹਨ ਨੂੰ ਰੋਕਿਆ ਸੀ, ਜਿਥੋਂ ਇੱਕ ਲੋਡਡ ਹੈਂਡਗਨ ਬਰਾਮਦ ਹੋਈ।

### ਸਟੱਡੀ ਪਰਮਿਟ ’ਤੇ ਆਏ ਨੌਜਵਾਨਾਂ ਦੇ ਇਸਤੇਮਾਲ ਦਾ ਦਾਅਵਾ

ਸਰੀ ਪੁਲਿਸ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨਾਲ ਮਿਲ ਕੇ ਮਾਮਲੇ ਦੀ ਜਾਂਚ ਕਰ ਰਹੀ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਕੋਲ ਘਟਨਾਵਾਂ ਨਾਲ ਜੁੜੀ ਡੈਸ਼ਕੈਮ ਜਾਂ CCTV ਫੁਟੇਜ ਹੋਵੇ, ਉਹ ਪੁਲਿਸ ਨਾਲ ਸੰਪਰਕ ਕਰਨ। ਇਹ ਕਾਰਵਾਈ ਅਜਿਹੇ ਸਮੇਂ ਹੋਈ ਹੈ ਜਦੋਂ FINTRAC ਨੇ ਇੱਕ ਖ਼ਾਸ ਬੁਲੇਟਿਨ ਜਾਰੀ ਕਰ ਦਾਅਵਾ ਕੀਤਾ ਹੈ ਕਿ ਆਰਥਿਕ ਤੌਰ ’ਤੇ ਕਮਜ਼ੋਰ ਭਾਰਤੀ ਵਿਦਿਆਰਥੀਆਂ, ਜੋ ਸਟਡੀ ਪਰਮਿਟ ’ਤੇ ਕੈਨੇਡਾ ਪਹੁੰਚੇ ਹਨ, ਨੂੰ ਗੈਂਗਾਂ ਵੱਲੋਂ ਦੱਖਣੀ ਏਸ਼ੀਆਈ ਭਾਈਚਾਰਿਆਂ ਖ਼ਿਲਾਫ਼ ਹਿੰਸਕ ਗਤੀਵਿਧੀਆਂ ਵਿੱਚ ਵਰਤਿਆ ਜਾ ਰਿਹਾ ਹੈ।

# ਅਮਰੀਕਾ 'ਚ ਸਿਰਫ਼ਿਰੇ ਨੇ ਖ਼ਤਮ ਕੀਤੀਆਂ 3 generations




ਫ਼ਲੋਰੀਡਾ : ਅਮਰੀਕਾ ਵਿਚ ਪਿਛਲੇ ਕਈ ਦਿਨ ਤੋਂ ਚੱਲ ਰਹੀ ਕਤਲੋਗਾਰਤ ਸਾਰੀਆਂ ਹੱਦਾਂ ਪਾਰ ਕਰ ਗਈ ਜਦੋਂ ਇਕ ਸਿਰਫਿਰੇ ਹਮਲਾਵਰ ਨੇ ਪਰਵਾਰ ਦੀਆਂ ਤਿੰਨ ਪੁਸ਼ਤਾਂ ਖ਼ਤਮ ਕਰ ਦਿਤੀਆਂ। ਫ਼ਲੋਰੀਡਾ ਸੂਬੇ ਦੇ ਪਲਾਂਟ ਸਿਟੀ ਵਿਖੇ ਵਾਪਰੀ ਦਿਲ ਕੰਬਾਊ ਵਾਰਦਾਤ ਦੌਰਾਨ ਵਹਿਸ਼ੀ ਨੇ 4 ਮਹੀਨੇ ਦਾ ਮਾਸੂਮ ਵੀ ਨਾ ਬਖ਼ਸ਼ਿਆ। ਮਰਨ ਵਾਲਿਆਂ ਵਿਚ 55 ਸਾਲ ਦੀ ਨਾਨੀ, ਉਸ ਦੀ 28 ਸਾਲਾ ਧੀ ਅਤੇ ਦੋਹਤੀ-ਦੋਹਤਾ ਜਾਨ ਗਵਾ ਬੈਠੇ ਜਦਕਿ ਬੱਚਿਆਂ ਦਾ ਪਿਤਾ ਅਚਨਚੇਤ ਗਾਇਬ ਹੋ ਗਿਆ ਜਿਸ ਨੂੰ ਪੁਲਿਸ ਨੇ ਮੁਢਲੇ ਤੌਰ ’ਤੇ ਹਿਰਾਸਤ ਵਿਚ ਲਿਆ ਪਰ ਸਬੂਤਾਂ ਦੀ ਘਾਟ ਕਾਰਨ ਰਿਹਾਅ ਕਰ ਦਿਤਾ। ਪਰਵਾਰ ਦੇ ਇਕ ਗੁਆਂਢੀ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਪਤੀ-ਪਤਨੀ ਦਰਮਿਆਨ ਕਾਫੀ ਝਗੜਾ ਹੋਇਆ ਅਤੇ ਪੁਲਿਸ ਨੂੰ ਸੱਦਣਾ ਪਿਆ ਪਰ ਮਾਮਲਾ ਸੁਲਝ ਗਿਆ ਅਤੇ ਪੁਲਿਸ ਵਾਲੇ ਚਲੇ ਗਏ।

### 2 ਬੱਚਿਆਂ, ਮਾਂ ਅਤੇ ਨਾਨੀ ਨੂੰ ਮਾਰੀਆਂ ਗੋਲੀਆਂ

ਇਸ ਮਗਰੋਂ ਸ਼ਨਿੱਚਰਵਾਰ ਰਾਤ ਪਤੀ ਬੁਲਟ ਪਰੂਫ਼ ਜੈਕਟ ਵਿਚ ਨਜ਼ਰ ਆਇਆ ਅਤੇ ਉਸ ਦੇ ਹੱਥਾਂ ਵਿਚ ਇਕ ਵੱਡਾ ਡਫ਼ਲ ਬੈਗ ਵੀ ਨਜ਼ਰ ਆ ਰਿਹਾ ਸੀ ਪਰ ਵਾਰਦਾਤ ਮਗਰੋਂ ਪੁਲਿਸ ਨੇ ਉਸ ਦੀ ਗ੍ਰਿਫ਼ਤਾਰੀ ਤੋਂ ਕੁਝ ਘੰਟੇ ਬਾਅਦ ਰਿਹਾਅ ਕਰ ਦਿਤਾ। ਮੰਨਿਆ ਜਾ ਰਿਹਾ ਹੈ ਕਿ ਉਹ ਸ਼ਹਿਰ ਛੱਡ ਕੇ ਚਲਾ ਗਿਆ ਅਤੇ ਸੋਸ਼ਲ ਮੀਡੀਆ ਪੇਜ ਵੀ ਡਿਲੀਟ ਕਰ ਦਿਤੇ। ਉਧਰ 2 ਬੱਚਿਆਂ, ਉਨ੍ਹਾਂ ਦੀ ਮਾਂ ਅਤੇ ਨਾਨੀ ਦੀ ਮੌਤ ਨੇ ਸ਼ਹਿਰ ਨੂੰ ਝੰਜੋੜ ਕੇ ਰੱਖ ਦਿਤਾ। ਪਲਾਂਟ ਸਿਟੀ ਦੀ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਵਾਰਦਾਤ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਜਾਂਚਕਰਤਾਵਾਂ ਨਾਲ ਸੰਪਰਕ ਕਰੇ। ਪੁਲਿਸ ਦਾ ਕਹਿਣਾ ਹੈ ਕਿ ਇਹ ਵਾਰਦਾਤ ਆਮ ਲੋਕਾਂ ਵਾਸਤੇ ਖ਼ਤਰਾ ਪੈਦਾ ਨਹੀਂ ਕਰਦੀ।

# ਵਿਜ਼ਟਰ ਵੀਜ਼ਾ ਵਾਲਿਆਂ ਦੇ ਵਹੀ-ਖਾਤੇ ਤਿਆਰ ਕਰ ਰਿਹਾ ਕੈਨੇਡਾ

## * ਟੈਂਪਰੇਰੀ ਰੈਜ਼ੀਡੈਂਟਸ ਨੂੰ ਡਿਪੋਰਟ ਕਰਨਾ ਹੋਵੇਗਾ ਸੁਖਾਲਾ * ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 1.24 ਲੱਖ ਘਟੀ

ਔਟਵਾ : ਕੈਨੇਡਾ ਵਿਚੋਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀ ਰਫ਼ਤਾਰ ਵਧਾਉਣ ਦੇ ਮਕਸਦ ਤਹਿਤ ਇੰਮੀਗ੍ਰੇਸ਼ਨ ਮਹਿਕਮੇ ਵੱਲੋਂ ਵਿਜ਼ਟਰ ਵੀਜ਼ਾ ਅਤੇ ਸਟੱਡੀ ਵੀਜ਼ਾ ’ਤੇ ਆਉਣ ਵਾਲਿਆਂ ਦਾ ਵਹੀ-ਖਾਤਾ ਤਿਆਰ ਕੀਤਾ ਜਾ ਰਿਹਾ ਹੈ। ਜੀ ਹਾਂ, ਟੈਂਪਰੇਰੀ ਵੀਜ਼ਾ ’ਤੇ ਦਾਖ਼ਲ ਹੋਏ ਹਰ ਸ਼ਖਸ ਦਾ ਰਿਕਾਰਡ ਇੰਮੀਗ੍ਰੇਸ਼ਨ ਮਹਿਕਮੇ ਕੋਲ ਹੋਵੇਗਾ ਅਤੇ ਇਸ ਗੱਲ ’ਤੇ ਨਜ਼ਰ ਰੱਖੀ ਜਾਵੇਗੀ ਕਿ ਉਹ ਵੀਜ਼ਾ ਖ਼ਤਮ ਹੋਣ ਮਗਰੋਂ ਮੁਲਕ ਛੱਡ ਗਿਆ ਜਾਂ ਨਹੀਂ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨਾਲ ਵਿਸਤਾਰਤ ਵਿਚਾਰ-ਵਟਾਂਦਰਾ ਹੋ ਚੁੱਕਾ ਹੈ ਅਤੇ ਇਸੇ ਮਹੀਨੇ ਤੋਂ ਟੈਂਪਰੇਰੀ ਰੈਜ਼ੀਡੈਂਟਸ ਦੀ ਸ਼ਾਮਤ ਆਉਣ ਵਾਲੀ ਹੈ ਜੋ ਵੀਜ਼ਾ ਮਿਆਦ ਪੂਰੀ ਹੋਣ ਤੋਂ ਬਾਅਦ ਵੀ ਕੈਨੇਡਾ ਛੱਡ ਕੇ ਨਹੀਂ ਗਏ। ਇੰਮੀਗ੍ਰੇਸ਼ਨ ਵਿਭਾਗ ਦੇ ਆਪਣੇ ਅੰਕੜਿਆਂ ਮੁਤਾਬਕ 10 ਲੱਖ 53 ਹਜ਼ਾਰ ਵਰਕ ਪਰਮਿਟ ਪਿਛਲੇ ਸਾਲ ਖ਼ਤਮ ਹੋਏ ਅਤੇ 9 ਲੱਖ 26 ਹਜ਼ਾਰ ਮੌਜੂਦਾ ਵਰ੍ਹੇ ਦੌਰਾਨ ਖ਼ਤਮ ਹੋ ਜਾਣਗੇ। ਇਨ੍ਹਾਂ ਵਿਚੋਂ ਪੰਜ ਲੱਖ ਨੌਜਵਾਨ ਬਦਲਵਾਂ ਪ੍ਰਬੰਧ ਕਰਨ ਵਿਚ ਸਫ਼ਲ ਵੀ ਹੋ ਜਾਣ ਤਾਂ ਪਿੱਛੇ ਬਗੈਰ ਇੰਮੀਗ੍ਰੇਸ਼ਨ ਵਾਲਿਆਂ ਦੀ ਗਿਣਤੀ 15 ਲੱਖ ਬਚਦੀ ਹੈ।

ਦੂਜੇ ਪਾਸੇ 1 ਲੱਖ 53 ਹਜ਼ਾਰ ਇੰਟਰਨੈਸ਼ਨਲ ਸਟੂਡੈਂਟਸ ਉਹ ਹਨ ਜਿਨ੍ਹਾਂ ਨੇ ਸਟੱਡੀ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਦਿਆਂ ਮੁਲਕ ਵਿਚ ਕਦਮ ਰੱਖਿਆ ਅਤੇ ਆਡੀਟਰ ਜਨਰਲ ਦੀ ਰਿਪੋਰਟ ਵਿਚ ਇਨ੍ਹਾਂ ਵਿਰੁੱਧ ਕਾਰਵਾਈ ਦੀ ਸਿਫ਼ਾਰਸ਼ ਕੀਤੀ ਗਈ ਪਰ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇੰਮੀਗ੍ਰੇਸ਼ਨ ਵਿਭਾਗ ਫੰਡਾਂ ਦੀ ਘਾਟ ਕਰ ਕੇ ਸਿਰਫ਼ 4 ਹਜ਼ਾਰ ਦੀ ਪੜਤਾਲ ਹੀ ਕਰ ਸਕਿਆ। ਇਸ ਦੇ ਉਲਟ ਇੰਮੀਗ੍ਰੇਸ਼ਨ ਮੰਤਰੀ ਲੀਨਾ ਡਿਐਬ ਦਾ ਕਹਿਣਾ ਹੈ ਕਿ 1 ਲੱਖ 53 ਹਜ਼ਾਰ ਕੌਮਾਂਤਰੀ ਵਿਦਿਆਰਥੀਆਂ ਵਿਚੋਂ 78 ਫ਼ੀ ਸਦੀ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿਚ ਪੜ੍ਹ ਰਹੇ ਹਨ ਜਦਕਿ 22 ਫ਼ੀ ਸਦੀ ਮੁਲਕ ਛੱਡ ਗਏ ਪਰ ਇਹ ਵੀ ਹੋ ਸਕਦਾ ਹੈ ਕਿ ਉਹ ਮੁਲਕ ਵਿਚ ਮੌਜੂਦ ਹੋਣ। ਉਨ੍ਹਾਂ ਅੱਗੇ ਕਿਹਾ ਕਿ ਨਵਾਂ ਪਾਇਲਟ ਪ੍ਰੋਗਰਾਮ ਇਸੇ ਕਰ ਕੇ ਲਿਆਂਦਾ ਗਿਆ ਹੈ ਤਾਂਕਿ ਹਰ ਟੈਂਪਰੇਰੀ ਰੈਜ਼ੀਡੈਂਟ ਦੇ ਕੈਨੇਡਾ ਦਾਖ਼ਲ ਹੋਣ ਅਤੇ ਵਾਪਸੀ ਕਰਨ ਦੀ ਜਾਣਕਾਰੀ ਦਰਜ ਕੀਤੀ ਜਾ ਸਕੇ।

ਉਧਰ, ਇੰਮੀਗ੍ਰੇਸ਼ਨ ਕਟੌਤੀਆਂ ਮਗਰੋਂ ਕੈਨੇਡਾ ਵਿਚ ਇੰਟਰਨੈਸ਼ਨਲ ਸਟੂਡੈਂਟਸ ਦੀ ਗਿਣਤੀ ਨਾਲ ਸਬੰਧਤ ਰਿਪੋਰਟ ਕਹਿੰਦੀ ਹੈ ਕਿ 2023-24 ਮਗਰੋਂ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਵਿਚ 42 ਫ਼ੀ ਸਦੀ ਕਮੀ ਆਈ ਅਤੇ ਉਨਟਾਰੀਓ ਸਭ ਤੋਂ ਵੱਧ ਪ੍ਰਭਾਵਤ ਹੋਇਆ। ਕਿਸੇ ਵੇਲੇ ਕੈਨੇਡਾ ਆਉਣ ਵਾਲੇ 10 ਕੌਮਾਂਤਰੀ ਵਿਦਿਆਰਥੀਆਂ ਵਿਚੋਂ 6 ਉਨਟਾਰੀਓ ਦੇ ਵੱਖ ਵੱਖ ਸ਼ਹਿਰਾਂ ਵਿਚ ਪੜ੍ਹਦੇ ਸਨ ਪਰ ਪਿਛਲੇ ਸਾਲ ਅੰਕੜਾ ਘਟ ਕੇ 50 ਫ਼ੀ ਸਦੀ ਦੇ ਨੇੜੇ ਰਹਿ ਗਿਆ। ਮਾਰਕ ਕਾਰਨੀ ਸਰਕਾਰ ਵੱਲੋਂ 2026 ਵਿਚ ਸਿਰਫ਼ 1 ਲੱਖ 55 ਹਜ਼ਾਰ ਸਟੱਡੀ ਪਰਮਿਟ ਜਾਰੀ ਕਰਨ ਦਾ ਟੀਚਾ ਮਿੱਥਿਆ ਗਿਆ ਹੈ ਪਰ 2 ਲੱਖ 53 ਹਜ਼ਾਰ ਸਟੱਡੀ ਪਰਮਿਟ ਕੈਨੇਡਾ ਵਿਚ ਪਹਿਲਾਂ ਤੋਂ ਮੌਜੂਦ ਵਿਦਿਆਰਥੀਆਂ ਨੂੰ ਜਾਰੀ ਕੀਤੇ ਜਾ ਸਕਦੇ ਹਨ।



ਪੰਜਾਬ ਸਟਾਰ
PUNJABSTAR.COM

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

# ਕਾਵਾਂ ਦੀ ਕਾਵਾਂ ਰੌਲੀ !



ਬੁੱਧ ਸਿੰਘ ਨੀਲੋਂ
94643 70823

ਇਨਸਾਨਾਂ, ਜਾਨਵਰਾਂ ਤੇ ਪੰਛੀਆਂ ਦੀ ਆਪੋ ਆਪਣੀ ਦੁਨੀਆਂ ਹੈ। ਉਹ ਆਪਣੀ ਇਸ ਦੁਨੀਆਂ ਵਿੱਚ ਦੂਜਿਆਂ ਦਾ ਦਖ਼ਲ ਬਰਦਾਸ਼ਤ ਨਹੀਂ ਕਰਦੇ। ਜਦੋਂ ਵੀ ਕੋਈ ਉਹਨਾਂ ਦੀ ਸਲਤਨਤ ਵਿੱਚ ਦਾਖ਼ਲ ਹੋਣ ਦੀ ਘੁਸਪੈਠ ਕਰਦਾ ਹੈ ਤਾਂ ਉਹ ਇਕੱਠੇ ਹੋ ਕੇ ਉਸ ਉਪਰ ਹਮਲਾ ਬੋਲਦੇ ਹਨ। ਉਹਨਾਂ ਦਾ ਇਹ ਹਮਲਾ ਬਹੁਤ ਭਿਆਨਕ ਤੇ ਨਾ ਸਮਝ ਆਉਣ ਵਾਲਾ ਹੁੰਦਾ ਹੈ। ਵਿਗਿਆਨ ਦੀ ਖੋਜ ਦੱਸਦੀ ਹੈ ਕਿ ਹਰ ਮਨੁੱਖ ਵਿੱਚ ਜਾਨਵਰਾਂ ਤੇ ਪੰਛੀਆਂ ਵਾਲੇ ਅੰਸ਼ ਹੁੰਦੇ ਹਨ। ਜਿਹੜੇ ਸਮੇਂ ਸਮੇਂ ਪ੍ਰਗਟ ਹੁੰਦੇ ਰਹਿੰਦੇ ਹਨ। ਇਸ ਦਾ ਉਹਨਾਂ ਨੂੰ ਖੁਦ ਪਤਾ ਨਹੀਂ ਲੱਗਦਾ ਪਰ ਦੂਜਿਆਂ ਨੂੰ ਝੱਟ ਪਤਾ ਲੱਗ ਜਾਂਦਾ ਹੈ ਕਿ ਇਸ ਦੇ ਵਿੱਚ ਹੁਣ ਕਿਸ ਪੰਛੀ ਜਾਂ ਜਾਨਵਰ ਦੀ ਰੂਹ ਬੋਲਦੀ ਹੈ।



ਇਸੇ ਕਰਕੇ ਕਿਹਾ ਕਿਹਾ ਜਾਂਦਾ ਹੈ ਕਿ ਇਸ ਦੀ ਆਵਾਜ਼ ਕੋਇਲ ਵਰਗੀ ਹੈ। ਕੁੱਝ ਕਲਾਕਾਰਾਂ ਨੂੰ ਪੰਜਾਬ ਦੀ ਕੋਇਲ ਦੇ ਖਿਤਾਬ ਨਾਲ ਨਿਵਾਜਿਆ ਗਿਆ ਹੈ। ਇਸੇ ਤਰ੍ਹਾਂ ਜਦੋਂ ਕੋਈ ਲਲਕਾਰੇ ਮਾਰਦੇ ਹੈ, ਤਾਂ ਆਖਦੇ ਹਾਂ ਕਿ ਇਸ ਦੀ ਦਹਾੜ ਸ਼ੇਰ ਵਰਗੀ ਹੈ। ਇਹ ਸਿਰਫ਼ ਦੋ ਉਦਾਹਰਣਾਂ ਦੇ ਕੇ ਇਸ ਕਥਾ ਨੂੰ ਸਮਝਣ ਤੇ ਸਮਝਾਉਣ ਦਾ ਯਤਨ ਕੀਤਾ ਹੈ।

ਜਦੋਂ ਕੋਈ ਬਿਨਾਂ ਗੱਲੋਂ ਬੋਲੀ ਜਾਂਦਾ ਹੈ ਤਾਂ ਇਹ ਅਕਸਰ ਕਿਹਾ ਜਾਂਦਾ ਹੈ ਕਿ ਹੋਇਆ ਤੈਂ ਟੈਂ ਟੈਂ ਲਾਈ ਹੈ। ਜਾਂ ਇਹ ਕਿਹਾ ਜਾਂਦਾ ਹੈ, ਤੈਨੂੰ ਕੁੱਤੇ ਵਾਂਗੂੰ ਭੌਂਕਦਿਆਂ ਮੈਂ ਕਦੋਂ ਦਾ ਸੁਣ ਰਿਹਾ ਹਾਂ? ਹੁਣ ਭੌਂਕ ਕੇ ਦਿਖਾ।

ਗੱਲ ਤਾਂ ਆਪਾਂ ਉਹਨਾਂ ਕਾਵਾਂ ਦੀ ਕਰਨੀ ਸੀ, ਵਿੱਚ ਕੁੱਤਾ, ਸ਼ੇਰ ਤੇ ਤੋਤੇ ਆ ਗਏ। ਕਾਵਾਂ ਰੌਲੀ ਦੀ ਗੱਲ ਵਿਚੇ ਰਹਿ ਗਈ ਸੀ। ਕਿਸਾਨ ਜਦੋਂ ਚੂਹਿਆਂ ਦੀ ਖੁੱਡ ਵਿੱਚ ਪਾਣੀ ਪਾਉਂਦਾ ਹੈ ਤਾਂ ਸਾਰੇ ਖੇਤ ਦੇ ਚੂਹੇ ਖੁੱਡਾਂ ਵਿਚੋਂ ਨਿਕਲ ਕੇ ਆਪੋ ਆਪਣੀ ਜਾਨ ਬਚਾਉਣ ਲਈ ਦੌੜਦੇ ਹਨ। ਜਿਹੜੇ ਚੂਹੇ ਕੰਮਜ਼ੋਰ ਤੇ ਬੁੱਢੇ ਹੁੰਦੇ ਹਨ, ਉਹ ਮਾਰੇ ਜਾਂਦੇ ਹਨ। ਕਿਉਂਕਿ ਖੁੱਡਾਂ ਵਿੱਚ ਵੜਿਆ ਹੋਇਆ ਪਾਣੀ ਉਹਨਾਂ ਦਾ ਦਮ ਘੁੱਟ ਦੇਂਦਾ ਹੈ। ਦਮ ਦੀ ਹੀ ਕਰਾਮਾਤ ਹੈ। ਇਹ ਜੀਵਨ ਦਮਾਂ ਦੇ ਸਹਾਰੇ ਚੱਲਦਾ ਹੈ। ਜਦੋਂ ਦਮ ਲੈਂਦਾ ਬੰਦਾ ਦਮੜੇ ਇਕੱਠੇ ਕਰਨ ਲੱਗ ਜਾਵੇ, ਫੇਰ ਉਹਦੇ ਲਈ ਕੋਈ ਦੀਨ ਈਮਾਨ, ਧਰਮ, ਸ਼ਰਮ, ਕਰਮ, ਕੋਈ ਰਿਸ਼ਤਾ ਨਾਤਾ ਨਹੀਂ ਰਹਿੰਦਾ। ਉਸਨੂੰ ਸਿਰਫ਼ ਮਾਇਆ ਹੀ ਨਜ਼ਰ ਆਉਂਦੀ ਹੈ। ਉਹ ਇਸ ਮਾਇਆ ਪਿੱਛੇ ਕੁੱਝ ਵੀ ਕਰ ਤੇ ਕਰਵਾ ਸਕਦਾ ਹੈ। ਇਸ ਮਾਇਆ ਦੇ ਅਨੇਕ ਰੂਪ ਹਨ। ਇਹ ਮਾਇਆ ਕੇਵਲ ਕਰੰਸੀ ਨਹੀਂ ਹੁੰਦੀ। ਸ਼ਕਤੀ, ਸੱਤਾ ਤੇ ਹੰਕਾਰ ਦੀ ਉਹ ਸਲਤਨਤ ਹੁੰਦੀ ਹੈ। ਜਿਸ ਦੀ ਜ਼ਦ ਵਿੱਚ ਆਇਆ ਬੰਦਾ ਉਸ ਦੇ ਜੋਗਾ ਹੀ ਰਹਿ ਜਾਂਦਾ ਹੈ। ਪਰ ਜਦੋਂ ਕੋਈ ਬੰਦਾ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਨ ਦਾਨਿਸ਼ਵਰ ਦੀ ਸੰਗਤ ਵਿੱਚ ਪੁੱਜ ਜਾਂਦਾ ਹੈ ਤਾਂ ਉਹ ਬੰਦਾ ਸਿੰਘ ਬਹਾਦਰ ਬਣ ਜਾਂਦਾ ਹੈ। ਉਹ ਫੇਰ ਜ਼ਬਰ ਜ਼ੁਲਮ ਕਰਨ ਤੇ ਕਰਵਾਉਣ ਵਾਲਿਆਂ ਦੀ ਇੱਟ ਨਾਲ ਇੱਟ ਖੜਕਾ ਕੇ ਚੂਰਾ ਚੂਰਾ ਕਰ ਕਰ ਦੇਂਦਾ ਹੈ। ਗੱਲ ਤੇ ਸੰਗਤ ਦੀ ਹੈ, ਇਸੇ ਕਰਕੇ ਕਿਹਾ ਜਾਂਦਾ ਹੈ, ਜੈਸੀ ਸੰਗਤ, ਵੈਸੀ ਰੰਗਤ।

ਸਮਾਜ ਵਿੱਚ ਹਰ ਤਰ੍ਹਾਂ ਦੇ ਧੰਦਾ ਕਰਨ ਤੇ ਕਰਵਾਉਣ ਵਾਲਿਆਂ ਦੀ ਆਪੋ ਆਪਣੀ ਸੰਗਤ ਹੁੰਦੀ ਹੈ। ਉਹਨਾਂ ਦੀ ਭਾਸ਼ਾ ਤੇ ਬੋਲੀ ਵੀ ਆਪੋ ਆਪਣੀ ਹੁੰਦੀ ਹੈ। ਕੋਈ ਦੂਜਾ ਉਹਨਾਂ ਦੀ ਭਾਸ਼ਾ ਤੇ ਬੋਲੀ ਨਹੀਂ ਸਮਝ ਸਕਦਾ। ਭਾਵੇਂ ਗੂੰਗੇ ਦੀਆਂ ਰਮਜ਼ਾਂ ਨੂੰ ਗੂੰਗੇ ਦੀ ਮਾਂ ਹੀ ਸਮਝ ਸਕਦੀ ਹੈ। ਚਿੰਨ੍ਹ, ਸੰਕੇਤ ਤੇ ਇਸ਼ਾਰੇ ਵੀ ਬੜਾ ਕੁੱਝ ਸਮਝਾਉਣ ਲਈ ਸਹਾਈ ਹੁੰਦੇ ਹਨ। ਇਸੇ ਕਰਕੇ ਇਹ ਬੋਲੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ।

"ਪੱਲਾ ਮਾਰ ਕੇ ਬੁਝਾ ਗਈ ਦੀਵਾ ਤੇ ਅੱਖ ਨਾਲ ਗੱਲ ਕਰ ਗਈ।"

"ਜੀਹਨੇ ਅੱਖ ਦੀ ਰਮਜ਼ ਨਾ ਜਾਣੀ, ਗੋਲੀ ਮਾਰ ਆਸ਼ਿਕ ਦੇ।"

ਗੱਲ ਜਦੋਂ ਇਸ਼ਕ ਤੇ ਆਸ਼ਿਕੀ ਦੀ ਹੋਵੇ ਤਾਂ ਵਾਰਿਸ ਸ਼ਾਹ ਮੀਆਂ ਨਾ ਆਵੇ ਤਾਂ ਗੱਲ ਸਿਰੇ ਨਹੀਂ ਚੜ੍ਹ ਸਕਦੀ।

"ਰਾਂਝਾ ਰਾਂਝਾ ਕਰਦੀ ਨੀ ਮੈਂ ਰਾਂਝਾ ਹੋਈ,
ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।"

ਕਿਸਾਨ ਪੱਕੀ ਹੋਈ ਫ਼ਸਲ ਵਿੱਚ ਡਰਨਾ ਬਣਾ ਕੇ ਜਾਂ ਫ਼ਿਰ ਕਾਂ ਮਾਰ ਕੇ ਵੰਝ ਉਤੇ ਟੰਗ ਦੇਂਦਾ ਹੈ। ਮਰੇ ਹੋਏ ਕਾਂ ਨੂੰ ਦੇਖ਼ ਕੇ ਸਾਰੇ ਪਿੰਡ ਦੇ ਕਾਂ ਇਕੱਠੇ ਹੋ ਕੇ ਕਾਵਾਂ ਰੌਲੀ ਪਾਉਣ ਲੱਗਦੇ ਹਨ। ਤੁਸੀਂ ਨੈਸ਼ਨਲ ਜਿਉਗਰਾਫੀ ਦੇਖਿਆ ਕਰੋ ਤੁਹਾਨੂੰ ਇਸ ਵਰਤਾਰਾ ਸਮਝ ਆਵੇਗਾ। ਸਮਝਣ ਵਾਲੇ ਤਾਂ ਦੋ ਕੋਹ ਤੋਂ ਪਛਾਣ ਲੈਂਦੇ ਹਨ।

ਇਸ ਗੱਲ ਨੂੰ ਅਮਰ ਸਿੰਘ ਚਮਕੀਲਾ ਇਉਂ ਆਖਦਾ ਹੈ, "ਦੋ ਕੋਹ ਤੋਂ ਪੁਰਜਾ ਪਛਾਣ ਲਈਦਾ।"

ਜਿਹਨਾਂ ਦੀ ਨੇੜੇ ਦੀ ਨਿਗਾਹ ਘੱਟ ਹੋਵੇ, ਉਸ ਦੇ ਬਾਰੇ ਵਿਆਹ ਮੌਕੇ ਅਕਸਰ ਆਖਿਆ ਜਾਂਦਾ ਹੈ, ਜੇਕਰ ਖੱਟ ਵੇਲੇ ਜੇ ਕਿਸੇ ਮਿਲਣੀ ਨਾ ਕੀਤੀ ਜਾਵੇ ਤਾਂ ਆਖਿਆ ਜਾਂਦਾ ਹੈ, ਜੀਹਨੇ ਖੜਾ ਨਹੀਂ ਦੇਖਿਆ, ਉਹਨੇ ਬੈਠਾ ਕੀ ਦੇਖਣਾ ਹੈ।

ਹੁਣ ਤੁਹਾਨੂੰ ਇਹ ਗੱਲ ਤਾਂ ਸਮਝ ਆ ਗਈ ਹੋਵੇਗੀ ਕਿ ਕਾਵਾਂ ਨੇ ਕਾਵਾਂ ਰੌਲੀ ਕਿਉਂ ਪਾਈ ਹੈ। ਉਹਨਾਂ ਨੇ ਉਦੋਂ ਕਿਉਂ ਨਹੀਂ ਕਾਵਾਂ ਰੌਲੀ ਪਾਈ ਜਦੋਂ ਇਹਨਾਂ ਬਿੱਲਿਆਂ ਤੇ ਕੁੱਤਿਆਂ ਤੋਂ ਡਰਦਿਆਂ ਕਬੂਤਰ ਤੇ ਚਿੜੀਆਂ ਹੋਰਨਾਂ ਥਾਵਾਂ ਦੀ ਭਾਲ ਵਿੱਚ ਉਡ ਗਏ ਸਨ। ਉਦੋਂ ਇਹਨਾਂ ਬਾਗੜ ਬਿੱਲਿਆਂ ਨੇ ਅੱਖਾਂ ਉਤੇ ਕਾਲੀ ਐਨਕ ਲਾ ਕੇ ਰੱਖੀ। ਹੁਣ ਜਦੋਂ ਪਹਾੜੀ ਕਾਂ ਬਾਜਾਂ ਦੇ ਅੜਿੱਕੇ ਚੜ੍ਹਿਆ ਤਾਂ ਕਾਵਾਂ ਰੌਲੀ ਪਾਉਣੀ ਸ਼ੁਰੂ ਕਰ ਦਿੱਤੀ। ਕਾਂ ਕਾਲੇ, ਪੀਲੇ, ਨੀਲੇ, ਚਿੱਟੇ ਤੇ ਡੱਬ ਖੜੱਬੇ ਸਾਰੇ ਹੀ ਕਾਂ ਕਾਂ ਕਰਨ ਲੱਗੇ ਹੋਏ ਹਨ। ਕੁੱਝ ਕਾਂ ਤਾਂ ਆਪਣੀਆਂ ਨਸਲਾਂ ਹੀ ਭੁੱਲ ਗਏ। ਉਹਨਾਂ ਨੂੰ ਇਹ ਵੀ ਚੇਤੇ ਨਹੀਂ ਆਇਆ ਕਿ ਉਹਨਾਂ ਨੇ ਪਹਿਲਾਂ ਕੀ ਕੀ ਤੇ ਕਿਥੇ ਕਿਥੇ ਕਾਵਾਂ ਰੌਲੀ ਪਾਈ ਸੀ। ਪਰ ਜਦੋਂ ਉਹਨਾਂ ਦੀਆਂ ਮੀਡੀਆ ਨੇ ਪੁਰਾਣੀਆਂ ਯਾਦਾਂ ਤਾਜ਼ਾ ਕਰਵਾਈਆਂ ਤਾਂ ਉਹਨਾਂ ਨੂੰ ਡੁੱਬ ਕੇ ਮਰਨ ਲਈ ਚੱਪਣੀਆਂ ਨਾ ਲੱਭਣ। ਕੁੱਝ ਕਾਵਾਂ ਦੇ ਆਗੂਆਂ ਨੇ ਇਹ ਵੀ ਆਖਿਆ ਕਿ ਇਹ ਹਮਲਾ ਸਾਡੇ ਸਾਰਿਆਂ ਉਪਰ ਹੋਇਆ ਹੈ। ਜੇਕਰ ਆਪਾਂ ਹੁਣ ਨਾ ਇਕੱਠੇ ਹੋਏ ਤਾਂ ਕੱਲ੍ਹ ਨੂੰ ਸਭ ਪਿੰਜਰੇ ਵਿੱਚ ਬੰਦ ਹੋਵਾਂਗੇ। ਸੋ ਤੁਸੀਂ ਆਪਣੀ ਜੂਠ ਖਾਣ ਪੀਣ ਦੀਆਂ ਆਦਤਾਂ ਨੂੰ ਭੁੱਲ ਕੇ ਹੱਡਾ ਰੋੜੀ ਵਿੱਚ ਇਕੱਠੇ ਹੋ ਕੇ ਸੰਘਰਸ਼ ਕਰੀਏ ਤਾਂ ਹੀ ਬਚਾ ਹੋ ਸਕਦਾ ਹੈ। ਨਹੀਂ ਤਾਂ ਕਦੇ ਵੀ ਕਿਸੇ ਵੇਲੇ ਵਾਰੀ ਆ ਸਕਦੀ ਹੈ। ਉਧਰ ਪਿੰਡ ਦੇ ਗੁਰਦੁਆਰੇ ਵਿੱਚ ਸਪੀਕਰ ਤੋਂ ਆਵਾਜ਼ ਆਉਂਦੀ ਹੈ।

"ਆਪੇ ਬੀਜਿ ਆਪੇ ਖਾ ! !"

ਗੱਲ ਸੁਣ ਕੇ ਇੱਕ ਦੂਜੇ ਨੂੰ ਆਖਦੇ ਹਨ, ਹੁਣ ਕਿਹੜੇ ਕਾਂ ਦੀ ਵਾਰੀ ਆ ਰਹੀ ਹੈ। ਕੁੱਝ ਕਾਂ ਤਾਂ ਡਰਦੇ ਠੰਢੇ ਪਾਣੀ ਵਾਲੀਆਂ ਟੈਂਕੀਆਂ ਵੱਲ ਉਡਾਰੀ ਮਾਰਨ ਲੱਗੇ ਹਨ। ਉਹਨਾਂ ਨੂੰ ਡਰ ਸਤਾਉਂਦਾ ਹੈ ਕਿ ਪਹਾੜੀ ਕਾਂ ਉਹਨਾਂ ਦਾ ਨਾਮ ਨਾਂ ਬੋਲ ਦੇਵੇ। ਇਸੇ ਕਰਕੇ ਉਹਨਾਂ ਨੇ ਆਪਣੇ ਚੂਚਿਆਂ ਨੂੰ ਕਾਵਾਂ ਰੌਲੀ ਪਾਉਣ ਲਈ ਲਾਇਆ ਹੋਇਆ ਹੈ। ਖ਼ੈਰ ਦੇਖੋ ਹੁਣ ਜੰਗਲ ਰਾਜ ਵਿੱਚ ਕਿਹੜਾ ਕਿਹੜਾ ਕਾਂ ਸ਼ਿਕੰਜੇ ਵਿੱਚ ਫਸਦਾ ਹੈ। ਹੁਣ ਤੁਸੀਂ ਆਪ ਹੀ ਦੱਸੋ ਕਿ ਕਾਵਾਂ ਰੌਲੀ ਪਾਉਣ ਵਾਲਿਆਂ ਦੇ ਨਾਲ ਓ ਜਾਂ ਫਿਰ ਤੁਸੀਂ ਆਪਣੇ ਵਿਰਸੇ ਤੇ ਵਿਰਾਸਤ ਨੂੰ ਭੁੱਲ ਗਏ ਹੋ?

# ਕ੍ਰਿਤ੍ਰਿਮ ਮਿੱਠਾਸ ਅਤੇ ਸਿਹਤ



ਅਜੋਕੇ ਸਮੇਂ ਵਿੱਚ ਦਿਨੋਂ ਦਿਨ ਬਿਮਾਰੀਆਂ ਵੱਧ ਰਹੀਆਂ ਹਨ ਅਤੇ ਇਸ ਕਾਰਨ ਕਰਕੇ ਬਹੁਤ ਸਾਰੇ ਲੋਕ ਸ਼ੱਕਰ ਨੂੰ ਘੱਟਾਉਣ ਜਾਂ ਛੱਡਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਮਕਸਦ ਨੂੰ ਪੂਰਾ ਕਰਨ ਲਈ ਲੋਕ ਕ੍ਰਿਤ੍ਰਿਮ ਮਿੱਠਾਸ (Artificial Sweeteners) ਵੱਲ ਮੁੜ ਰਹੇ ਹਨ, ਜੋ ਕਿ ਪੀਣ ਵਾਲੇ ਪਦਾਰਥਾਂ, ਖੰਡ ਮੁਕਤ ਮਿਠਾਈਆਂ, ਚਿਊਇੰਗ ਗਮ ਅਤੇ ਪੈਕ ਕੀਤੇ ਖਾਣੇ ਵਿੱਚ ਵਰਤੀ ਜਾਂਦੀ ਹੈ। ਇਹ ਮਿੱਠਾਸ ਬਿਨਾਂ ਕੈਲੋਰੀ ਦੇ ਮਿੱਠਾ ਸੁਆਦ ਦਿੰਦੀ ਹੈ। ਪਰ ਕੀ ਇਹ ਸਾਡੇ ਸਰੀਰ ਅਤੇ ਦਿਮਾਗ ਲਈ ਸੁਰੱਖਿਅਤ ਹੈ?

ਕ੍ਰਿਤ੍ਰਿਮ ਮਿੱਠਾਸ ਮਨੁੱਖੀ ਤੌਰ 'ਤੇ ਬਣਾਏ ਗਏ ਪਦਾਰਥ ਹਨ, ਜੋ ਸ਼ੱਕਰ ਦੀ ਥਾਂ ਵਰਤੇ ਜਾਂਦੇ ਹਨ ਤਾਂ ਜੋ ਖਾਣੇ ਨੂੰ ਮਿੱਠਾ ਸੁਆਦ ਦਿੱਤਾ ਜਾ ਸਕੇ। ਇਹ ਬਹੁਤ ਤਾਕਤਵਰ ਹੁੰਦੇ ਹਨ ਅਤੇ ਥੋੜ੍ਹੀ ਜਿਹੀ ਮਾਤਰਾ ਵੀ ਖਾਣੇ ਨੂੰ ਬਹੁਤ ਮਿੱਠਾ ਬਣਾ ਦਿੰਦੀ ਹੈ। ਇਸ ਕਰਕੇ ਇਹਨਾਂ ਵਿੱਚ ਲਗਭਗ ਕੋਈ ਕੈਲੋਰੀ ਨਹੀਂ ਹੁੰਦੀ।

### ਇਹ ਕਿਸ ਤਰ੍ਹਾਂ ਬਣੇ ਹੁੰਦੇ ਹਨ?

ਕ੍ਰਿਤ੍ਰਿਮ ਮਿੱਠਾਸ ਲੈਬੋਰਟਰੀ ਵਿੱਚ ਬਣਾਈ ਜਾਂਦੀ ਹੈ, ਪਰ ਇਸਨੂੰ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ। ਕੁਝ (ਜਿਵੇਂ ਅਸਪਾਰਟੇਮ) ਪ੍ਰੋਟੀਨ ਦੇ ਹਿੱਸਿਆਂ (ਐਮੀਨੋ ਐਸਿਡ) ਤੋਂ ਬਣੇ ਹੁੰਦੇ ਹਨ, ਜਦਕਿ ਕੁਝ (ਜਿਵੇਂ ਸੁਕਰਾਲੋਜ਼) ਆਮ ਸ਼ੱਕਰ ਨੂੰ ਰਸਾਇਣਕ ਤੌਰ 'ਤੇ ਬਦਲ ਕੇ ਬਣਾਏ ਜਾਂਦੇ ਹਨ। ਕੁਝ ਪੂਰੀ ਤਰ੍ਹਾਂ ਕ੍ਰਿਤ੍ਰਿਮ ਰਸਾਇਣ ਹੁੰਦੇ ਹਨ। ਇਹਨਾਂ ਨੂੰ ਇਸ ਤਰ੍ਹਾਂ ਤਿਆਰ ਕੀਤਾ ਜਾਂਦਾ ਹੈ ਕਿ ਇਹ ਮਿੱਠਾ ਸੁਆਦ ਦੇਣ ਪਰ ਅਸਲ ਸ਼ੱਕਰ ਵਾਂਗ ਸਰੀਰ ਵਿੱਚ ਵਰਤਾਅ ਨਾ ਕਰਨ।

ਲੋਕ ਇਹਨਾਂ ਦੀ ਵਰਤੋਂ ਇਸ ਲਈ ਕਰਦੇ ਹਨ ਕਿਉਂਕਿ ਇਹ ਕੈਲੋਰੀਆਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ। ਇਸ ਲਈ ਇਹ ਮਧੂਮੇਹ ਦੇ ਮਰੀਜ਼ਾਂ ਲਈ ਵੀ ਲਾਭਦਾਇਕ ਮੰਨੇ ਜਾਂਦੇ ਹਨ। ਇਹ ਖੂਨ ਵਿੱਚ ਸ਼ੱਕਰ ਦੀ ਮਾਤਰਾ ਨੂੰ ਤੇਜ਼ੀ ਨਾਲ ਨਹੀਂ ਵਧਾਉਂਦੇ, ਇਸ ਲਈ ਇਹ ਡਾਇਟ ਜਾਂ ਖੰਡ ਮੁਕਤ ਪਦਾਰਥਾਂ ਵਿੱਚ ਵਰਤੇ ਜਾਂਦੇ ਹਨ।

ਵਿਗਿਆਨੀ ਅਜੇ ਵੀ ਇਹਨਾਂ 'ਤੇ ਅਧਿਐਨ ਕਰ ਰਹੇ ਹਨ। ਇਸ ਨੂੰ ਵਰਤਣ ਦੇ ਕੁਝ ਪ੍ਰਭਾਵ ਫਾਇਦੇਮੰਦ ਹਨ, ਪਰ ਕੁਝ ਨੁਕਸਾਨਦਾਇਕ ਵੀ ਹੋ ਸਕਦੇ ਹਨ।

### ਵਜ਼ਨ 'ਤੇ ਪ੍ਰਭਾਵ

ਇਹ ਕੈਲੋਰੀਆਂ ਨੂੰ ਘਟਾਉਂਦੇ ਹਨ, ਪਰ ਕਈ ਵਾਰ ਮਿੱਠੇ ਦੀ ਲਾਲਸਾ ਵੱਧਾ ਸਕਦੇ ਹਨ, ਜਿਸ ਨਾਲ ਜ਼ਿਆਦਾ ਖਾਣ ਦੀ ਆਦਤ ਬਣ ਸਕਦੀ ਹੈ।

### ਹਾਜ਼ਮਾ ਪ੍ਰਣਾਲੀ 'ਤੇ ਪ੍ਰਭਾਵ

ਇਹ ਪੇਟ ਦੇ ਚੰਗੇ ਬੈਕਟੀਰੀਆ ਨੂੰ ਪ੍ਰਭਾਵਿਤ ਕਰ ਸਕਦੇ ਹਨ, ਜਿਸ ਨਾਲ ਹਾਜ਼ਮੇ ਅਤੇ ਸਮੁੱਚੀ ਸਿਹਤ 'ਤੇ ਅਸਰ ਪੈ ਸਕਦਾ ਹੈ।

### ਬਿਮਾਰੀਆਂ ਦਾ ਖ਼ਤਰਾ

ਕੁਝ ਅਧਿਐਨ ਦਰਸਾਉਂਦੇ ਹਨ ਕਿ ਇਹ ਮੋਟਾਪੇ, ਮਧੂਮੇਹ ਅਤੇ ਦਿਲ ਦੀਆਂ ਬਿਮਾਰੀਆਂ ਨਾਲ ਜੁੜੇ ਹੋ ਸਕਦੇ ਹਨ। ਪਰ ਇਹ ਪੱਕਾ ਸਬੂਤ ਨਹੀਂ ਹੈ ਕਿ ਇਹ ਘੱਟ ਮਾਤਰਾ ਵਿੱਚ ਵਰਤੋਂ ਨਾਲ ਸਿੱਧਾ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ।

### ਕੀ ਇਹ ਦਿਮਾਗ 'ਤੇ ਅਸਰ ਕਰਦੇ ਹਨ?

ਇਹ ਇਕ ਵੱਧਦੀ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ ਕਿ ਕ੍ਰਿਤੀਮ ਮਿਠਾਸ ਦੀ ਬਹੁਤ ਜ਼ਿਆਦਾ ਵਰਤੋਂ ਨਾਲ ਯਾਦਦਾਸ਼ਤ ਅਤੇ ਸੋਚਣ ਦੀ ਸਮਰੱਥਾ 'ਤੇ ਅਸਰ ਪੈ ਸਕਦਾ ਹੈ। ਕੁਝ ਅਧਿਐਨ ਇਹ ਵੀ ਦਰਸਾਉਂਦੇ ਹਨ ਕਿ ਇਹ ਦਿਮਾਗ ਦੇ ਜਲਦੀ ਬੁੱਢੇ ਹੋਣ ਨਾਲ ਸੰਬੰਧਿਤ ਹੋ ਸਕਦੇ ਹਨ। ਇਹ ਮਨੁੱਖੀ ਵਿਓਹਾਰ'ਤੇ ਵੀ ਅਸਰ ਕਰ ਸਕਦੇ ਹਨ ਅਤੇ ਕੁਝ ਲੋਕਾਂ ਵਿੱਚ ਤਣਾਅ ਜਾਂ ਚਿੰਤਾ ਨੂੰ ਵੱਧਾ ਸਕਦੇ ਹਨ।

### ਕੀ ਇਹ ਸਰੀਰਕ ਬੁੱਢਾਪਾ ਵਧਾਉਂਦੇ ਹਨ?

ਇਹ ਸਿੱਧੇ ਤੌਰ 'ਤੇ ਝੁਰੜੀਆਂ ਜਾਂ ਬਾਹਰੀ ਬੁੱਢਾਪੇ ਦਾ ਕਾਰਨ ਨਹੀਂ ਬਣਦੇ। ਪਰ ਇਹ ਮੈਟਾਬੋਲਿਜ਼ਮ, ਸਰੀਰਕ ਸੰਤੁਲਨ ਅਤੇ ਅੰਦਰੂਨੀ ਸਿਹਤ 'ਤੇ ਅਸਰ ਕਰ ਸਕਦੇ ਹਨ, ਜੋ ਸਮੇਂ ਦੇ ਨਾਲ ਅੰਦਰੂਨੀ ਬੁੱਢਾਪੇ ਨੂੰ ਵੱਧਾ ਸਕਦਾ ਹੈ।

ਕ੍ਰਿਤ੍ਰਿਮ ਮਿੱਠਾਸ ਲਾਭਦਾਇਕ ਤਾਂ ਹੈ ਪਰ ਇਹ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੈ। ਇਹ ਸ਼ੱਕਰ ਦੀ ਮਾਤਰਾ ਘਟਾਉਣ ਵਿੱਚ ਮਦਦ ਕਰਦੇ ਹਨ ਪਰ ਜ਼ਿਆਦਾ ਵਰਤੋਂ ਸਿਹਤ ਲਈ ਨੁਕਸਾਨਦਾਇਕ ਹੋ ਸਕਦੀ ਹੈ, ਖਾਸ ਕਰਕੇ ਪੇਟ ਅਤੇ ਦਿਮਾਗ ਲਈ। ਇਸ ਨੂੰ ਵਰਤਣ ਦਾ ਸਭ ਤੋਂ ਵਧੀਆ ਤਰੀਕਾ ਹੈ ਇਸ ਦੀ ਸੰਤੁਲਿਤ ਵਰਤੋਂ ਕਰਨਾ। ਕ੍ਰਿਤ੍ਰਿਮ ਮਿੱਠਾਸ ਸਾਨੂੰ ਸ਼ੱਕਰ ਤੋਂ ਬਚਾ ਸਕਦੇ ਹਨ, ਪਰ ਇਸ ਪਦਾਰਥ ਦੀ ਬਿਨਾਂ ਸੀਮਾ ਦੇ ਵਰਤੋਂ ਨਵੇਂ ਸਿਹਤ ਸਮੱਸਿਆਵਾਂ ਪੈਦਾ ਕਰ ਸਕਦੀ ਹੈ।

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।







## ਟਕਰਾਅ ਦਾ ਮੁੱਢ

# ਸੁਰੱਖਿਆ ਨਾਕਾਮੀ ਦੇ ਮੁੱਦੇ ਨੂੰ ਨਵਾਂ ਸਿਆਸੀ ਮੋੜਾ



ਚਰਨਜੀਤ ਭੁੱਲਰ

ਚੰਡੀਗੜ੍ਹ : ਆਮ ਆਦਮੀ ਪਾਰਟੀ ਨੇ ਜਲੰਧਰ ਅਤੇ ਅੰਮ੍ਰਿਤਸਰ 'ਚ ਲੰਘੇ ਕੱਲ੍ਹ ਹੋਏ ਧਮਾਕਿਆਂ ਤੋਂ ਉੱਭਰੇ ਸੁਰੱਖਿਆ ਨਾਕਾਮੀ ਦੇ ਮੁੱਦੇ ਨੂੰ ਨਵਾਂ ਸਿਆਸੀ ਮੋੜਾ ਦੇ ਦਿੱਤਾ ਹੈ। ਵਿਰੋਧੀ ਧਿਰਾਂ ਦੀ ਕਾਨੂੰਨ ਵਿਵਸਥਾ 'ਤੇ ਘੇਰਾਬੰਦੀ ਤੋਂ ਪਹਿਲਾਂ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਇਨ੍ਹਾਂ ਧਮਾਕਿਆਂ ਪਿੱਛੇ ਭਾਜਪਾ ਦਾ ਹੱਥ ਐਲਾਨ 'ਤੇ ਨਵਾਂ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। 'ਆਪ' ਦੇ ਰਾਜ ਸਭਾ ਦੇ ਸੱਤ ਮੈਂਬਰਾਂ ਵੱਲੋਂ ਭਾਜਪਾ 'ਚ ਰਲੇਵਾਂ ਕੀਤੇ ਜਾਣ ਮਗਰੋਂ ਹਾਲੇ ਵੀ ਦਲ ਬਦਲੀ ਦਾ ਖ਼ਤਰਾ 'ਆਪ' 'ਤੇ ਬਣਿਆ ਹੋਇਆ ਹੈ। ਭਾਜਪਾ ਨੂੰ ਚਿੱਤ ਕਰਨ ਲਈ 'ਆਪ' ਹੁਣ ਕੋਈ ਮੌਕਾ ਨਹੀਂ ਖੁੰਝਾਉਣਾ ਚਾਹੁੰਦੀ। ਜਿਉਂ ਹੀ ਪੰਜਾਬ 'ਚ ਲੰਘੇ ਕੱਲ੍ਹ ਹੋਏ ਧਮਾਕਿਆਂ 'ਤੇ ਵਿਰੋਧੀ 'ਆਪ' ਨੂੰ ਘੇਰਨ ਲਈ ਪੱਬਾਂ ਭਾਰ ਹੋਏ ਤਾਂ ਇਸ ਤੋਂ ਪਹਿਲਾਂ ਹੀ ਮੁੱਖ ਮੰਤਰੀ ਨੇ ਇਸ ਮੁੱਦੇ ਨੂੰ ਨਵਾਂ ਸਿਆਸੀ ਰੰਗ ਦੇ ਦਿੱਤਾ। ਪੰਜਾਬ 'ਚ 'ਆਪ' ਅਤੇ ਭਾਜਪਾ ਵਿਚਾਲੇ ਅਗਾਮੀ ਚੋਣਾਂ ਤੋਂ ਕਾਫ਼ੀ ਅਗੇਤ 'ਚ ਹੀ ਬੰਗਾਲ ਵਾਂਗ ਟਕਰਾਅ ਦਾ ਮੁੱਢ ਬੱਝਣ ਲੱਗਿਆ ਹੈ।

ਲੰਘੇ ਕੱਲ੍ਹ ਹੋਏ ਧਮਾਕੇ ਇਸ ਆਪਸੀ ਤਲਖ਼ੀ ਦਾ ਨਵਾਂ ਕਾਰਨ ਬਣੇ ਹਨ। ਪੱਛਮੀ ਬੰਗਾਲ ਦੀ ਜਿੱਤ ਮਗਰੋਂ ਭਾਜਪਾ ਦੇ ਏਜੰਡੇ 'ਤੇ ਹੁਣ ਪੰਜਾਬ ਹੈ। 'ਆਪ' ਵੱਲੋਂ ਭਾਜਪਾ ਖ਼ਿਲਾਫ਼ ਲੜਾਈ ਨੂੰ ਸੜਕਾਂ 'ਤੇ ਲਿਆਉਣ ਦਾ ਫ਼ੈਸਲਾ ਕੀਤਾ ਹੈ। ਮੁੱਖ ਮੰਤਰੀ ਨੇ ਅੱਜ ਸ਼ੁਕਰਾਨਾ ਯਾਤਰਾ ਸ਼ੁਰੂ ਕੀਤੀ ਹੈ ਜਿਸ ਨੂੰ ਇੱਕ ਸਿਆਸੀ ਨਜ਼ਰੀਏ ਤੋਂ ਹੀ ਦੇਖਿਆ ਜਾ ਰਿਹਾ ਹੈ। 'ਆਪ' ਨੇ ਹੁਣ ਭਾਜਪਾ ਖ਼ਿਲਾਫ਼ ਇੱਕ ਸਿਆਸੀ ਬਿਰਤਾਂਤ ਘੜਨ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਨੇ ਮੁਢਲੇ ਪੜਾਅ 'ਤੇ ਤਿੰਨ ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਅੰਦੋਲਨ 'ਚ ਸ਼ਹੀਦ ਹੋਏ 700 ਕਿਸਾਨਾਂ ਦਾ ਪੰਜਾਬੀਆਂ ਨੂੰ ਮੁੜ ਚੇਤਾ ਕਰਾਇਆ। ਮੁੱਖ ਮੰਤਰੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਮੌਕੇ ਹੋਈਆਂ ਬੇਅਦਬੀਆਂ ਦਾ ਚੇਤਾ ਵੀ ਵੋਟਰਾਂ ਨੂੰ ਕਰਾਉਣਾ ਨਹੀਂ ਭੁੱਲ ਰਹੇ ਹਨ। ਅੱਜ ਮੁੱਖ ਮੰਤਰੀ ਨੇ ਧਮਾਕਿਆਂ ਪਿੱਛੇ ਭਾਜਪਾ ਦਾ ਹੱਥ ਹੋਣ ਦੀ ਗੱਲ ਆਖ ਕੇ ਭਾਜਪਾ ਤੇ ਡਰ ਫੈਲਾਉਣ ਦਾ ਇਲਜ਼ਾਮ ਲਾਇਆ ਹੈ।

ਸਿਆਸੀ ਵਿਸ਼ਲੇਸ਼ਕ ਆਖਦੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿਰੋਧੀਆਂ 'ਤੇ ਗੰਭੀਰ ਇਲਜ਼ਾਮ ਲਗਾ ਕੇ ਸੁਰੱਖਿਆ ਦੀ ਨਾਕਾਮੀ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਵਿੱਚ ਵੀ ਹੈ। 'ਆਪ' ਸਰਕਾਰ ਵੱਲੋਂ ਘੜਿਆ ਜਾ ਰਿਹਾ ਬਿਰਤਾਂਤ ਲੋਕ ਮਨਾਂ 'ਤੇ ਕਿੰਨਾ ਕੁ ਅਸਰ ਛੱਡੇਗਾ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਅੱਜ ਮੁੱਖ ਮੰਤਰੀ ਭਗਵੰਤ ਮਾਨ ਨੇ ਇਨ੍ਹਾਂ ਧਮਾਕਿਆਂ ਲਈ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਦਲੀਲ ਦਿੱਤੀ ਕਿ ਭਾਜਪਾ ਨੇ ਪੰਜਾਬ 'ਚ ਆਪਣੀ ਚੋਣ ਤਿਆਰੀ ਸ਼ੁਰੂ ਕਰ ਦਿੱਤੀ ਹੈ ਜਿਸ ਵਜੋਂ ਭਾਜਪਾ ਹੁਣ ਪੰਜਾਬ 'ਚ ਡਰ ਦਾ ਮਾਹੌਲ ਪੈਦਾ ਕਰਕੇ ਵੋਟਾਂ ਹਾਸਲ ਕਰਨਾ ਚਾਹੁੰਦੀ ਹੈ। ਜਿੱਥੇ ਚੋਣਾਂ ਹੁੰਦੀਆਂ ਹਨ, ਉੱਥੇ ਭਾਜਪਾ ਅਜਿਹੇ ਹੱਥਕੰਡੇ ਵਰਤਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਆਪਣੀਆਂ ਹਰਕਤਾਂ ਤੋਂ ਬਾਜ ਆਏ ਕਿਉਂਕਿ ਪੰਜਾਬ ਸ਼ਾਂਤਮਈ ਸੂਬਾ ਹੈ।



ਇਸੇ ਦੌਰਾਨ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਮੁੱਖ ਮੰਤਰੀ ਦੇ ਬਿਆਨ ਨੂੰ ਗੈਰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਸੂਬਾ ਸਰਕਾਰ ਅਮਨ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ 'ਚ ਫ਼ੇਲ੍ਹ ਹੋਈ ਹੈ ਜਿਸ ਕਰਕੇ ਮੁੱਖ ਮੰਤਰੀ ਨੂੰ ਆਪਣਾ ਅਹੁਦਾ ਛੱਡਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਡੀ ਜੀ ਪੀ ਤਾਂ ਧਮਾਕਿਆਂ ਪਿੱਛੇ ਆਈ ਐੱਸ ਆਈ ਦਾ ਹੱਥ ਦੱਸ ਰਹੇ ਹਨ ਜਦੋਂ ਕਿ ਮੁੱਖ ਮੰਤਰੀ ਬੌਖਲਾਹਟ 'ਚ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਵੀ ਅੱਜ ਕਿਹਾ ਕਿ ਭਗਵੰਤ ਮਾਨ 'ਚ ਹਿੰਮਤ ਹੈ ਤਾਂ ਉਹ ਭਾਜਪਾ ਆਗੂਆਂ ਖ਼ਿਲਾਫ਼ ਕੇਸ ਦਰਜ ਕਰਕੇ ਦਿਖਾਵੇ। ਬਿੱਟੂ ਨੇ ਕਿਹਾ ਕਿ ਮੁੱਖ ਮੰਤਰੀ ਤਾਂ ਧਮਾਕਿਆਂ ਨੂੰ ਲੈ ਕੇ ਆਈ ਐੱਸ ਆਈ ਨੂੰ ਸ਼ਾਬਾਸ਼ ਦੇ ਰਹੇ ਹਨ ਜਦੋਂ ਕਿ ਭਾਜਪਾ ਖ਼ਿਲਾਫ਼ ਗੈਰ ਜ਼ਿੰਮੇਵਾਰੀ ਵਾਲੀ ਬਿਆਨਬਾਜ਼ੀ ਕਰ ਰਹੇ ਹਨ। ਦੱਸਣਯੋਗ ਹੈ ਕਿ ਪੰਜਾਬ 'ਚ ਲੰਘੇ ਪੰਜ ਮਹੀਨਿਆਂ 'ਚ ਪੰਜ ਧਮਾਕੇ ਸਾਹਮਣੇ ਆਏ ਹਨ।

23 ਜਨਵਰੀ ਨੂੰ ਸਰਹਿੰਦ ਦੇ ਖ਼ਾਨਪੁਰ ਫਾਟਕ 'ਤੇ, ਇੱਕ ਅਪਰੈਲ ਨੂੰ ਭਾਜਪਾ ਦਫ਼ਤਰ ਚੰਡੀਗੜ੍ਹ ਦਫ਼ਤਰ ਦੇ ਬਾਹਰ ਅਤੇ 27 ਅਪਰੈਲ ਨੂੰ ਪਟਿਆਲਾ ਦੇ ਸ਼ੰਭੂ ਫਾਟਕ ਦੇ ਨੇੜੇ ਧਮਾਕਾ ਹੋਇਆ ਹੈ। ਲੰਘੇ ਕੱਲ੍ਹ ਜਲੰਧਰ ਤੇ ਅੰਮ੍ਰਿਤਸਰ 'ਚ ਧਮਾਕੇ ਹੋਏ ਹਨ। ਭਾਜਪਾ ਨੇ ਪੰਜਾਬ ਦੀ ਅਮਨ ਕਾਨੂੰਨ ਦੀ ਵਿਵਸਥਾ ਨੂੰ ਮੁੱਖ ਮੁੱਦੇ ਦੇ ਤੌਰ 'ਤੇ ਉਭਾਰਨਾ ਸ਼ੁਰੂ ਕਰ ਦਿੱਤਾ ਹੈ। ਜਿੱਥੇ 'ਆਪ' ਦੇ ਹਰ ਛੋਟੇ ਵੱਡੇ ਆਗੂ ਨੇ ਭਾਜਪਾ 'ਤੇ ਬੋਲਣਾ ਸ਼ੁਰੂ ਕੀਤਾ ਹੈ, ਓਵੇਂ ਹੀ ਭਾਜਪਾ ਦੇ ਆਗੂਆਂ ਨੇ ਵੀ ਬੱਝਵੇਂ ਰੂਪ 'ਚ 'ਆਪ' ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਮੁੱਢਲੇ ਸੰਕੇਤਾਂ ਤੋਂ ਇਹ ਵੀ ਜਾਪਦਾ ਹੈ ਕਿ ਜਿਵੇਂ 'ਆਪ' ਅਤੇ ਭਾਜਪਾ ਵੱਲੋਂ ਪੰਜਾਬ 'ਚ ਸਿਆਸੀ ਲੜਾਈ ਆਪੋ ਆਪਣੇ 'ਚ ਬਣਾਏ ਜਾਣ ਦਾ ਬਿਰਤਾਂਤ ਘੜਿਆ ਜਾ ਰਿਹਾ ਹੋਵੇ।

# ਧਰਤੀ ਦਿਵਸ 2026 – ਸਾਡੀ ਧਰਤੀ, ਸਾਡੀ ਸ਼ਕਤੀ

ਅਮਨਦੀਪ ਸਿੰਘ

ਹਰ ਸਾਲ 22 ਅਪਰੈਲ ਨੂੰ 'ਧਰਤੀ ਦਿਵਸ' ਮਨਾਇਆ ਜਾਂਦਾ ਹੈ। ਇਹ ਦਿਨ ਸਭ ਤੋਂ ਪਹਿਲਾਂ 1970 ਵਿੱਚ ਸ਼ੁਰੂ ਹੋਇਆ ਸੀ, ਜਦੋਂ ਅਮਰੀਕਾ ਵਿੱਚ 2 ਕਰੋੜ ਲੋਕ ਪ੍ਰਦੂਸ਼ਣ ਖ਼ਿਲਾਫ਼ ਸੜਕਾਂ 'ਤੇ ਉਤਰੇ ਸਨ। ਉਨ੍ਹਾਂ ਨੇ ਮਨੁੱਖੀ ਸਿਹਤ ਉੱਤੇ ਮਾੜੇ ਪ੍ਰਭਾਵ ਪਾ ਰਹੇ ਵਾਤਾਵਰਨ ਦੇ ਮੁੱਦਿਆਂ ਬਾਰੇ ਜਾਗਰੂਕਤਾ ਫੈਲਾਈ ਸੀ। ਅੱਜ ਇਹ ਸਿਰਫ਼ ਅਮਰੀਕਾ ਦਾ ਨਹੀਂ, ਸਗੋਂ ਪੂਰੀ ਦੁਨੀਆ ਦਾ ਦਿਨ ਬਣ ਚੁੱਕਾ ਹੈ ਜਦੋਂ ਇੱਕ ਅਰਬ ਤੋਂ ਵੱਧ ਲੋਕ ਲਾਮਬੰਦ ਹੋ ਕੇ ਇਸ ਨੂੰ ਮਨਾਉਂਦੇ ਹਨ। ਇਹ ਸਾਡੀ ਧਰਤੀ ਨੂੰ ਬਚਾਉਣ ਦਾ ਇੱਕ ਮਹਾਨ ਉਪਰਾਲਾ ਹੈ। ਇਸ ਸਾਲ ਦਾ ਥੀਮ 'ਸਾਡੀ ਧਰਤੀ, ਸਾਡੀ ਸ਼ਕਤੀ' ਹੈ ਜੋ ਵਾਤਾਵਰਨ ਤਰੱਕੀ ਨੂੰ ਅੱਗੇ ਵਧਾਉਣ ਲਈ ਸਾਂਝੇ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ। ਇਸ ਦਿਨ ਵਾਤਾਵਰਨ ਨਾਲ ਜੁੜੀਆਂ ਸੰਸਥਾਵਾਂ ਧਰਤੀ ਨੂੰ ਸਾਫ਼-ਸੁਥਰਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਜਗ੍ਹਾ-ਜਗ੍ਹਾ ਬੂਟੇ ਤੇ ਫੁੱਲ ਲਗਾਏ ਜਾਂਦੇ ਹਨ। ਇਹ ਸਾਨੂੰ ਸਾਰਿਆਂ ਨੂੰ ਸਿੱਖਿਅਤ ਕਰਨ ਦਾ ਮੌਕਾ ਵੀ ਹੈ ਤਾਂ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੀ ਪਿਆਰੀ ਧਰਤੀ ਮਾਂ ਨੂੰ ਸਾਫ਼ ਤੇ ਸੁੰਦਰ ਬਣਾ ਕੇ ਰੱਖ ਸਕੀਏ।


ਇਸ ਸਬੰਧ ਵਿੱਚ ਬੋਸਟਨ ਦੇ ਨਜ਼ਦੀਕ ਸ਼ਹਿਰ ਵੈਸਟਬੋਰੋ ਵਿਖੇ 700 ਤੋਂ ਵੱਧ ਲੋਕਾਂ ਨੇ ਸ਼ਹਿਰ ਦੀ ਸਫ਼ਾਈ ਕਰਨ ਲਈ ਹੰਭਲਾ ਮਾਰਿਆ। ਉਨ੍ਹਾਂ ਨੇ ਆਪਣੇ ਸ਼ਹਿਰ ਵਿੱਚੋਂ 500 ਬੈਗ ਤੋਂ ਵੀ ਜ਼ਿਆਦਾ ਕੂੜੇ ਨੂੰ ਹਟਾਇਆ। ਵੈਸਟਬੋਰੋ ਲੈਂਡ ਟਰੱਸਟ ਜਿਸ ਨੇ ਇਹ ਉਪਰਾਲਾ ਕੀਤਾ, ਨੇ ਨਿਊ ਇੰਗਲੈਂਡ ਸਿੱਖ ਸਟੱਡੀ ਸਰਕਲ ਗੁਰਦੁਆਰਾ ਸਾਹਿਬ, ਚੈਪਲ ਆਫ਼ ਦਿ ਕਰਾਸ, ਪੁਲੀਸ ਕਲੱਬ, ਸਕੂਲ, ਬੋਆਏ ਤੇ ਗਰਲ ਸਕਾਊਟ ਅਤੇ ਅਨੇਕਾਂ ਹੋਰ ਸੰਸਥਾਵਾਂ ਤੇ ਨਾਗਰਿਕਾਂ ਦਾ ਉਨ੍ਹਾਂ ਦੀ ਭਾਗੀਦਾਰੀ ਲਈ ਧੰਨਵਾਦ ਕੀਤਾ।



ਧਰਤੀ ਸਾਡੇ ਕੋਲ ਜੀਵਨ ਦਾ ਸਭ ਤੋਂ ਮਹੱਤਵਪੂਰਨ ਸਰੋਤ ਹੈ। ਸਾਨੂੰ ਵਧ ਤੋਂ ਵੱਧ ਲੋਕਾਂ ਨੂੰ ਆਪਣੇ ਨਾਲ ਜੋੜ ਕੇ ਧਰਤੀ ਦੀ ਤੰਦਰੁਸਤੀ ਲਈ ਹੰਭਲੇ ਮਾਰਨੇ ਚਾਹੀਦੇ ਹਨ। ਉਦਾਹਰਣ ਵਜੋਂ, ਤੁਸੀਂ ਸਿੱਖ ਸਕਦੇ ਹੋ ਕਿ ਕੂੜਾ ਕਿਵੇਂ ਘਟਾਈਏ ਤੇ ਜੈਵਿਕ ਕੂੜੇ ਤੋਂ ਖਾਦ ਕਿਵੇਂ ਬਣਾਈਏ, ਚੀਜ਼ਾਂ ਨੂੰ ਮੁੜ ਕਿਵੇਂ ਵਰਤਿਆ ਜਾਵੇ ਤੇ ਮੁੜ-ਵਰਤੋਂਯੋਗ ਕਿਵੇ ਬਣਾਇਆ ਜਾਵੇ ਜਾਂ ਰੀਸਾਈਕਲ ਕਿਵੇਂ ਕਰੀਏ, ਆਪਣਾ ਛੋਟਾ ਜਿਹਾ ਪੌਦਾ ਕਿਵੇਂ ਉਗਾਇਆ ਜਾਵੇ ਜਾਂ ਪਾਣੀ ਨੂੰ ਕਿਵੇਂ ਬਚਾਇਆ ਜਾਵੇ। ਤੁਸੀਂ ਪਲਾਸਟਿਕ ਦਾ ਇੱਕ ਟੁਕੜਾ ਵੀ ਚੁੱਕ ਸਕਦੇ ਹੋ ਜੋ ਤੁਹਾਨੂੰ ਬਾਹਰ ਡਿੱਗਿਆ ਮਿਲਦਾ ਹੈ। ਤੁਸੀਂ ਇੱਕ ਘੰਟੇ ਜਾਂ ਇੱਕ ਦਿਨ ਲਈ ਗ਼ੈਰ-ਜ਼ਰੂਰੀ ਬਿਜਲੀ ਦੀ ਖਪਤ ਵੀ ਬੰਦ ਕਰ ਸਕਦੇ ਹੋ। ਇਹ ਸਭ ਛੋਟੇ-ਛੋਟੇ ਕੰਮ ਵੀ ਵੱਡਾ ਫ਼ਰਕ ਪਾ ਸਕਦੇ ਹਨ।

# ਬੰਬ ਧਮਾਕਿਆਂ ਨੂੰ ਰੋਕਣ 'ਚ ਫੇਲ੍ਹ ਮਾਨ ਸਰਕਾਰ, ਹੁਣ ਭਾਜਪਾ 'ਤੇ ਲਾ ਰਹੀ ਝੂਠੇ ਦੋਸ਼: ਅਸ਼ਵਨੀ ਸ਼ਰਮਾ

## 'ਜਦੋਂ 'ਆਪ' ਸਰਕਾਰ ਫੇਲ੍ਹ ਹੋਵੇ, ਤਾਂ ਦੋਸ਼ ਭਾਜਪਾ 'ਤੇ ਮੜ੍ਹੇ ਜਾਂਦੇ ਹਨ'



ਚੰਡੀਗੜ੍ਹ: "ਨਾ ਘਸੁੰਨ ਮਾਰਦਾ, ਨਾ ਲੱਤ ਮਾਰਦਾ – ਰੱਬ ਜਦੋਂ ਵੀ ਮਾਰਦਾ, ਮੱਤ ਹੀ ਮਾਰਦਾ। ਭਗਵੰਤ ਮਾਨ ਜੀ, ਲੱਗਦਾ ਹੈ ਤੁਹਾਡੀ ਮਾਨਸਿਕ ਹਾਲਤ ਠੀਕ ਨਹੀਂ ਰਹੀ। ਤੁਹਾਨੂੰ ਅਸਤੀਫ਼ਾ ਦੇ ਕੇ ਆਪਣਾ ਢੰਗ ਨਾਲ ਇਲਾਜ ਕਰਵਾਉਣਾ ਚਾਹੀਦਾ ਹੈ," ਇਹ ਕਹਿਣਾ ਹੈ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਕਾਰਜਕਾਰੀ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦਾ, ਜੋ ਪੰਜਾਬ ਵਿੱਚ ਹੋ ਰਹੇ ਬੰਬ ਧਮਾਕਿਆਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭਾਜਪਾ 'ਤੇ ਲਗਾਏ ਗਏ ਦੋਸ਼ਾਂ 'ਤੇ ਤਿੱਖੀ ਪ੍ਰਤੀਕਿਰਿਆ ਦੇ ਰਹੇ ਸਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੈ ਅਤੇ ਇਸਦੀ ਸੁਰੱਖਿਆ, ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ, ਪਰ ਮਾਨ ਸਰਕਾਰ ਹਰ ਮੋਰਚੇ 'ਤੇ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਆਪਣੀ ਨਾਕਾਮੀ ਨੂੰ ਛੁਪਾਉਣ ਲਈ ਭਾਜਪਾ 'ਤੇ ਚਿੱਕੜ ਸੁੱਟਣਾ ਘਟੀਆ ਅਤੇ ਗੈਰ-ਜ਼ਿੰਮੇਵਾਰਾਨਾ ਰਾਜਨੀਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਪੰਜਾਬ ਦੀ ਜਨਤਾ ਗੋਲੀਆਂ, ਬੰਬ ਧਮਾਕਿਆਂ, ਕਤਲਾਂ ਅਤੇ ਨਿੱਤ ਵੱਧ ਰਹੀਆਂ ਅਪਰਾਧਿਕ ਵਾਰਦਾਤਾਂ ਦਾ ਸੰਤਾਪ ਭੋਗ ਰਹੀ ਹੈ, ਜੋ ਆਮ ਆਦਮੀ ਪਾਰਟੀ ਸਰਕਾਰ ਦੀ ਨਿਕੰਮੀ ਕਾਨੂੰਨ-ਵਿਵਸਥਾ ਦੀ ਸਿੱਧੀ ਨਿਸ਼ਾਨੀ ਹੈ। ਅਸ਼ਵਨੀ ਸ਼ਰਮਾ ਨੇ ਦੋਹਰਾਇਆ ਕਿ ਭਾਜਪਾ ਲਈ ਪੰਜਾਬ ਦੀ ਅਮਨ-ਸ਼ਾਂਤੀ, ਸੁਰੱਖਿਆ ਅਤੇ ਭਾਈਚਾਰਕ ਸਾਂਝ ਸਭ ਤੋਂ ਪਹਿਲਾਂ ਹੈ। ਉਨ੍ਹਾਂ ਕਿਹਾ ਕਿ ਭਾਜਪਾ ਹਮੇਸ਼ਾ ਪੰਜਾਬ ਅਤੇ ਪੰਜਾਬੀਆਂ ਦੇ ਨਾਲ ਖੜ੍ਹੀ ਰਹੀ ਹੈ ਅਤੇ ਅੱਗੇ ਵੀ ਡੱਟ ਕੇ ਖੜ੍ਹੀ ਰਹੇਗੀ।

# ਪੰਜਾਬ 'ਚ ਬੰਬ ਧਮਾਕਿਆਂ 'ਤੇ ਸਿਆਸਤ: CM ਮਾਨ ਨੇ ਕਿਹਾ- ਭਾਜਪਾ ਨੇ ਕਰਵਾਏ ਧਮਾਕੇ



ਪੰਜਾਬ ਵਿਚ ਇੱਕ ਹਫ਼ਤੇ 'ਚ ਤਿੰਨ ਧਮਾਕੇ ਹੋਏ। ਭਾਜਪਾ ਅਤੇ ਕਾਂਗਰਸ ਨੇ ਧਮਾਕਿਆਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਦੂਜੇ ਪਾਸ ਮੁੱਖ ਮੰਤਰੀ ਮਾਨ ਨੇ ਧਮਾਕਿਆਂ ਲਈ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਇਆ। ਭਾਜਪਾ 'ਤੇ ਦੋਸ਼ ਲਗਾਉਂਦੇ ਹੋਏ CM ਮਾਨ ਨੇ ਕਿਹਾ ਕਿ ਪੰਜਾਬ ਵਿੱਚ ਹੁਣ ਜੋ ਸ਼ੁਰੂ ਹੋਇਆ ਹੈ ਉਹ ਭਾਜਪਾ ਦਾ ਸਟਾਈਲ ਹੈ। ਭਾਜਪਾ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਡਰਾਉਣ ਲਈ ਅਜਿਹੇ ਹੱਥਕੰਡੇ ਵਰਤਦੀ ਹੈ।ਸ੍ਰੀ ਆਨੰਦਪੁਰ ਸਾਹਿਬ ਵਿੱਚ ਸ਼ੁਕਰਾਨਾ ਯਾਤਰਾ ਦੀ ਸ਼ੁਰੂਆਤ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਧਮਾਕੇ ਭਾਜਪਾ ਦੀ ਚੋਣਾਂ ਦੀ ਤਿਆਰੀ ਹੈ। ਬੀਜੇਪੀ ਇਨ੍ਹਾਂ ਹਰਕਤਾਂ ਤੋਂ ਬਾਜ ਆ ਜਾਵੇ, ਬੀਜੇਪੀ ਦ ਕੰਮ ਕਰਨ ਦਾ ਸਟਾਈਲ ਇਹੀ ਹੈ ਚੋਣਾਂ ਵਾਲੇ ਰਾਜਾਂ ਵਿੱਚ ਧਮਾਕੇ ਅਤੇ ਦੰਗੇ ਭੜਕਾਉਣਾ। ਭਾਜਪਾ ਹਿੰਸਾ ਫੈਲਾ ਕੇ ਡਰਾ ਕੇ ਵੋਟਾਂ ਲੈਦੀ ਹੈ। ਦੀਆਂ ਚੋਣਾਂ ਦੀਆਂ ਤਿਆਰੀਆਂ ਸਨ। ਭਾਜਪਾ ਛੋਟੇ ਧਮਾਕੇ ਕਰਕੇ ਲੋਕਾਂ ਨੂੰ ਡਰਾਉਣਾ ਅਤੇ ਵੋਟਾਂ ਹਾਸਲ ਕਰਨਾ ਚਾਹੁੰਦੀ ਹੈ। ਇਹ ਭਾਜਪਾ ਦਾ ਅੰਦਾਜ਼ ਹੈ।

ਦੱਸ ਦੇਈਏ ਕਿ ਮੁੱਖ ਮੰਤਰੀ ਭਗਵੰਤ ਮਾਨ ਜਲੰਧਰ ਆਉਣ ਵਾਲਾ ਹੈ, ਉਸ ਤੋਂ ਪਹਿਲਾਂ ਇਹ ਵਾਰਦਾਤ ਹੋ ਗਈ।

ਉਨ੍ਹਾਂ ਕਿਹਾ ਕਿ ਭਾਜਪਾ ਪਹਿਲਾਂ ਹਰ ਉਸ ਸੂਬੇ ਵਿੱਚ ਟਕਰਾਅ ਭੜਕਾਉਂਦੀ ਹੈ ਜਿੱਥੇ ਉਹ ਜਾਂਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਬੇਅਦਬੀ ਕਾਨੂੰਨ ਤੋਂ ਬਹੁਤ ਦੁਖੀ ਹੈ, ਕਿਉਂਕਿ ਉਨ੍ਹਾਂ ਨੇ ਹਿੰਸਾ ਭੜਕਾਉਣ ਲਈ ਬੇਅਦਬੀ ਦੀ ਵਰਤੋਂ ਕੀਤੀ ਸੀ। ਹੁਣ, ਕੋਈ ਵੀ ਉਨ੍ਹਾਂ ਦੇ ਇਸ਼ਾਰੇ 'ਤੇ ਬੇਅਦਬੀ ਨਹੀਂ ਕਰੇਗਾ ਕਿਉਂਕਿ ਕਾਨੂੰਨ ਸਖ਼ਤ ਹੋ ਗਿਆ ਹੈ।

ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਛੋਟੇ-ਛੋਟੇ ਧਮਾਕੇ ਕਰਕੇ ਵੋਟਾਂ ਹਾਸਲ ਕਰਨਾ ਚਾਹੁੰਦੀ ਹੈ। ਉਹ ਲੋਕਾਂ ਨੂੰ ਡਰਾਉਣਾ ਚਾਹੁੰਦੀ ਹੈ। ਮੈਂ ਭਾਜਪਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਨੇ ਬਹੁਤ ਕਾਲਾ ਦੌਰ ਦੇਖਿਆ ਹੈ। ਲੋਕਾਂ ਦੇ ਜ਼ਖ਼ਮ ਅਜੇ ਵੀ ਤਾਜ਼ੇ ਹਨ। ਭਾਜਪਾ ਨੂੰ ਅਜਿਹੀਆਂ ਕਾਰਵਾਈਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਪਹਿਲਾਂ ਹਰ ਉਸ ਸੂਬੇ ਵਿੱਚ ਟਕਰਾਅ ਭੜਕਾਉਂਦੀ ਹੈ ਜਿੱਥੇ ਉਹ ਜਾਂਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਬੇਅਦਬੀ ਕਾਨੂੰਨ ਤੋਂ ਬਹੁਤ ਦੁਖੀ ਹੈ, ਕਿਉਂਕਿ ਉਨ੍ਹਾਂ ਨੇ ਹਿੰਸਾ ਭੜਕਾਉਣ ਲਈ ਬੇਅਦਬੀ ਦੀ ਵਰਤੋਂ ਕੀਤੀ ਸੀ। ਹੁਣ, ਕੋਈ ਵੀ ਉਨ੍ਹਾਂ ਦੇ ਇਸ਼ਾਰੇ 'ਤੇ ਬੇਅਦਬੀ ਨਹੀਂ ਕਰੇਗਾ ਕਿਉਂਕਿ ਕਾਨੂੰਨ ਸਖ਼ਤ ਹੋ ਗਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਛੋਟੇ-ਛੋਟੇ ਧਮਾਕੇ ਕਰਕੇ ਵੋਟਾਂ ਹਾਸਲ ਕਰਨਾ ਚਾਹੁੰਦੀ ਹੈ। ਉਹ ਲੋਕਾਂ ਨੂੰ ਡਰਾਉਣਾ ਚਾਹੁੰਦੀ ਹੈ। ਮੈਂ ਭਾਜਪਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਨੇ ਬਹੁਤ ਕਾਲਾ ਦੌਰ ਦੇਖਿਆ ਹੈ। ਲੋਕਾਂ ਦੇ ਜ਼ਖ਼ਮ ਅਜੇ ਵੀ ਤਾਜ਼ੇ ਹਨ। ਭਾਜਪਾ ਨੂੰ ਅਜਿਹੀਆਂ ਕਾਰਵਾਈਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

# ਅੰਮ੍ਰਿਤਸਰ-ਜਲੰਧਰ 'ਚ ਹੋਏ ਧਮਾਕੇ ਦਾ ਮਾਮਲਾ : DGP ਗੌਰਵ ਯਾਦਵ ਨੇ ਪ੍ਰੈੱਸ ਵਾਰਤਾ ਦੌਰਾਨ ਕੀਤੇ ਵੱਡੇ ਖੁਲਾਸੇ



ਪੰਜਾਬ ਵਿੱਚ ਬੀਤੀ ਰਾਤ ਜਲੰਧਰ ਅਤੇ ਅੰਮ੍ਰਿਤਸਰ ਵਿੱਚ ਹੋਏ ਧਮਾਕੇ ਤੋਂ ਬਾਅਦ ਅੱਜ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਅੰਮ੍ਰਿਤਸਰ ਵਿੱਚ ਅਹਿਮ ਪ੍ਰੈੱਸ ਕਾਨਫਰੰਸ ਕੀਤੀ। ਪ੍ਰੈੱਸ ਵਾਰਤਾ ਦੌਰਾਨ ਡੀਜੀਪੀ ਗੌਰਵ ਯਾਦਵ ਨੇ ਅੰਮ੍ਰਿਤਸਰ ਅਤੇ ਜਲੰਧਰ ਵਿੱਚ ਹੋਏ ਧਮਾਕਿਆਂ ਨੂੰ ਲੈ ਕੇ ਕਰ ਵੱਡੇ ਖੁਲਾਸੇ ਕੀਤੇ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਜਲੰਧਰ ਅਤੇ ਅੰਮ੍ਰਿਤਸਰ ਦੋਹਾਂ ਥਾਵਾਂ 'ਤੇ IED ਬਲਾਸਟ ਕੀਤੇ ਗਏ ਹਨ। ਜਾਂਚ ਦੌਰਾਨ ਘਟਨਾ ਵਾਲੀ ਥਾਂ ਤੋਂ ਕੋਈ ਤਾਰ ਨਹੀਂ ਮਿਲੀ ਹੈ, ਜਿਸ ਤੋਂ ਅੰਦਾਜਾ ਜਾ ਰਿਹਾ ਹੈ ਕਿ ਧਮਾਕਾ ਟਾਈਮਰ ਲਗਾ ਕੇ ਜਾਂ ਰੀਮੋਟ ਨਾਲ ਕੀਤਾ ਗਿਆ ਹੋ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਧਮਾਕੇ ਪਿੱਛੇ ਪਾਕਿਸਤਾਨ ਦਾ ਹੱਥ ਵੀ ਹੋ ਸਕਦਾ ਹੈ ਕਿਉਂਕਿ ਅੱਜ ਆਪ੍ਰੇਸ਼ਨ ਸਿੰਦੂਰ ਦੀ ਵਰ੍ਹੇਗੰਢ ਹੈ। ਮਾਮਲੇ ਨੂੰ ਲੈ ਕੇ FIR ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਡੀਜੀਪੀ ਨੇ ਅੱਗੇ ਕਿਹਾ ਕਿ ਪੰਜਾਬ ਦੁਨੀਆ ਵਿੱਚ ਸਭ ਤੋਂ ਵੱਧ ਸ਼ਾਂਤੀ ਪੂਰਵਕ ਸੂਬਾ ਹੈ ਪਰ ਕੁਝ ਲੋਕ ਪੰਜਾਬ ਦਾ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਹਨ। ਅਸੀਂ ਕਿਸੇ ਤਰ੍ਹਾਂ ਦੀਆਂ ਗਿੱਦੜ-ਧਮਕੀਆਂ ਤੋਂ ਨਹੀਂ ਡਰਦੇ। ਅਜਿਹੇ ਸ਼ਰਾਰਤੀ ਅਨਸਰਾਂ ਨੂੰ ਅਸੀਂ ਕੁਚਲ ਕੇ ਰੱਖ ਦਿਆਂਗੇ।

# ਜਲੰਧਰ 'ਚ ਬੰਬ ਧਮਾਕੇ ਵਾਲੀ ਥਾਂ 'ਤੇ ਪਹੁੰਚੇ DGP ਗੌਰਵ ਯਾਦਵ



ਪੰਜਾਬ ਦੇ ਡੀਜੀਪੀ ਗੌਰਵ ਯਾਦਵ ਜਲੰਧਰ ਦੇ BSF ਚੌਕ ਪਹੁੰਚੇ ਹਨ ਜਿਥੇ ਬੀਤੀ ਰਾਤ IED ਧਮਾਕਾ ਹੋਇਆ ਸੀ। ਡੀਜੀਪੀ ਉਸ ਥਾਂ ਦਾ ਜਾਇਜ਼ਾ ਲੈਣ ਲਈ ਪਹੁੰਚੇ ਹਨ ਜਿਸ ਥਾਂ 'ਤੇ ਧਮਾਕਾ ਹੋਇਆ ਸੀ। ਇਸ ਤੋਂ ਪਹਿਲਾਂ ਉਹ ਅੰਮ੍ਰਿਤਸਰ ਗਏ ਸੀ। ਉਨ੍ਹਾਂ ਨੇ ਉਥੇ ਪ੍ਰੈੱਸ ਕਾਨਫਰੰਸ ਵੀ ਕੀਤੀ ਸੀ ਕਿਉਂਕਿ ਬੀਤੀ ਰਾਤ ਜਦੋਂ 8-8.15 ਦੇ ਵਿਚ ਜਦੋਂ ਜਲੰਧਰ ਧਮਾਕਾ ਹੋਇਆ ਤਾਂ ਉਸ ਤੋਂ ਬਾਅਦ 10.30 ਵਜੇ ਦੇ ਕਰੀਬ ਅੰਮ੍ਰਿਤਸਰ ਵਿਚ ਧਮਾਕਾ ਹੋਇਆ।

ਦੱਸ ਦੇਈਏ ਕਿ ਅੰਮ੍ਰਿਤਸਰ ਦੇ ਖਾਸਾ ਚੌਕ ਵਿਚ ਇਹ ਧਮਾਕਾ ਹੋਇਆ ਸੀ ਤੇ ਅੰਮ੍ਰਿਤਸਰ ਦਿਹਾਤੀ ਦੇ SSP ਸੋਹੇਲ ਮੀਰ ਕਾਸਿਮ ਮੁਤਾਬਕ ਬਾਈਕ 'ਤੇ ਸਵਾਰ 2 ਨਕਾਬਪੋਸ਼ਾਂ ਨੇ ਆਰਮੀ ਕੈਂਪ ਵੱਲ ਗ੍ਰਨੇਡ ਸੁੱਟਿਆ। ਦੀਵਾਰ ਦੇ ਨਾਲ ਲੱਗਦੇ ਹੀ ਜ਼ੋਰਦਾਰ ਧਮਾਕਾ ਹੋਇਆ। ਜਿਸ ਕਰਕੇ ਚਾਰਦੀਵਾਰੀ 'ਤੇ ਫੌਜ ਏਰੀਆ ਨੂੰ ਕਵਰ ਕਰਨ ਲਈ ਲਗਾਇਆ ਗਿਆ ਟੀਨ ਸ਼ੈੱਡ ਢਹਿ ਗਿਆ। ਇਸੇ ਤਰ੍ਹਾਂ ਜਲੰਧਰ ਦੇ BSF ਹੈੱਡਕੁਆਰਟਰ ਦੇ ਬਿਲਕੁਲ ਨੇੜੇ ਇਕ ਸਕੂਟੀ ਕੋਲ ਧਮਾਕਾ ਹੋਇਆ। ਹਾਲਾਂਕਿ ਜਾਂਚ ਕੀਤੀ ਜਾ ਰਹੀ ਹੈ ਕਿ ਸਕੂਟੀ ਦੇ ਵਿਚ ਕੋਈ ਚੀਜ਼ ਰੱਖੀ ਹੋਈ ਸੀ ਜਾਂ ਕਿਸੇ ਹੋਰ ਤਰੀਕੇ ਨਾਲ ਧਮਾਕਾ ਕੀਤਾ ਗਿਆ ਹੈ। ਜਿਸ ਐਕਟਿਵਾ ਵਿਚ ਧਮਾਕਾ ਹੋਇਆ, ਉਹ BSF ਦੇ ਹੀ ਰਿਟਾਇਰਡ ਜਵਾਨ ਕਸ਼ਮੀਰ ਸਿੰਘ ਦੀ ਹੈ। ਉਨ੍ਹਾਂ ਦਾ ਪੁੱਤ ਗੁਰਪ੍ਰੀਤ ਸਿੰਘ ਪਾਰਸਲ ਲੈਣ ਲਈ ਆਇਆ ਸੀ। ਹੈਲਮੇਟ ਨਾ ਪਾਏ ਹੋਣ ਦੀ ਵਜ੍ਹਾ ਤੋਂ ਬੀਐੱਸਐੱਫ ਜਵਾਨਾਂ ਨੇ ਉਸ ਦੀ ਐਕਟਿਵਾ ਬਾਹਰ ਖੜ੍ਹੀ ਕਰ ਦਿੱਤੀ ਤੇ ਗੁਰਪ੍ਰੀਤ ਅਜੇ ਪੁਲਿਸ ਹਿਰਾਸਤ ਵਿਚ ਹੈ। ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ, ਜਲੰਧਰ ਦੇ CP ਧੰਨਪ੍ਰੀਤ ਕੌਰ ਤੇ ਬੀਐੱਸਐੱਫ ਦੇ ਸੀਨੀਅਰ ਅਧਿਕਾਰੀ ਵੀ ਡੀਜੀਪੀ ਨਾਲ ਮੌਜੂਦ ਹਨ। ਧਮਾਕੇ ਵਾਲੀ ਥਾਂ ਤੋਂ ਸੈਂਪਲ ਇਕੱਠੇ ਕੀਤੇ ਜਾ ਰਹੇ ਹਨ। ਵੱਖ-ਵੱਖ ਏਜੰਸੀਆਂ ਵੱਲੋਂ ਧਮਾਕੇ ਦੀ ਜਾਂਚ ਕੀਤੀ ਜਾ ਰਹੀ ਹੈ। ਜਲੰਧਰ ਦੇ ਸੀਪੀ ਧੰਨਪ੍ਰੀਤ ਕੌਰ ਨੇ ਖੁਲਾਸਾ ਕੀਤਾ ਕਿ ਵਿਸਫੋਟਕ ਪਦਾਰਥ ਇਸਤੇਮਾਲ ਕਰਕੇ ਧਮਾਕਾ ਕੀਤਾ ਗਿਆ ਹੈ।

# ਚਰਨਜੀਤ ਚੰਨੀ ਨੇ ਐਸ.ਜੀ.ਪੀ.ਸੀ. ਬਾਰੇ CM ਮਾਨ ਦੀ ਬਿਆਨਬਾਜ਼ੀ ਦਾ ਕੀਤਾ ਵਿਰੋਧ

## ਕਿਹਾ : ਦਿੱਲੀ ਵਾਲਿਆਂ ਨੂੰ ਖੁਸ਼ ਕਰਨ ਲਈ ਭਗਵੰਤ ਮਾਨ ਸਿੱਖ ਪੰਥ ਨੂੰ ਪਹੁੰਚਾ ਰਿਹਾ ਹੈ ਨੁਕਸਾਨ



ਜਲੰਧਰ : ਪੰਜਾਬ ਕਾਂਗਰਸ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖਾਂ ਦੀ ਸਰਵਉੱਚ ਸੰਸਥਾ ਐਸ.ਜੀ.ਪੀ.ਸੀ. ਤੋਂ ਪੁੱਛੇ ਬਿਨਾਂ ਬੇਅਦਬੀ ਨਾਲ ਸਬੰਧਤ ਕਾਨੂੰਨ ਵਿਚ ਸੋਧ ਕਰਨ ਦਾ ਵਿਰੋਧ ਕੀਤਾ ਹੈ । ਕਾਂਗਰਸ ਨੇ 'ਆਪ' ਸਰਕਾਰ ਦੀ ਮਨਸ਼ਾ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਸਿੱਖ ਪੰਥ ਨੂੰ ਕਮਜ਼ੋਰ ਕਰਨ ਲਈ ਇਹ ਕਦਮ ਉਠਾਏ ਜਾ ਰਹੇ ਹਨ । ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਇੱਕ ਬਿਆਨ ਜਾਰੀ ਕਰਦਿਆਂ ਭਗਵੰਤ ਮਾਨ ਸਰਕਾਰ 'ਤੇ ਸਵਾਲ ਉਠਾਏ ਹਨ । ਉਨ੍ਹਾਂ ਕਿਹਾ ਕਿ ਦਿੱਲੀ ਵਾਲੇ ਆਕਾਵਾਂ, ਆਰ.ਐੱਸ.ਐੱਸ. ਅਤੇ ਮਨੂਵਾਦੀ ਸੋਚ ਤਹਿਤ ਭਗਵੰਤ ਮਾਨ ਵੱਲੋਂ ਹਰ ਵੇਲੇ ਸਿੱਖਾਂ ਦੀਆਂ ਸਥਾਪਿਤ ਸੰਸਥਾਵਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਨੇ ਆਪਣੇ ਬਿਆਨ ਵਿਚ 1925 ਵਿਚ ਬਣੇ ਗੁਰਦੁਆਰਾ ਐਕਟ ਅਤੇ 1958 ਵਿਚ ਸਵਰਗਵਾਸੀ ਮਾਸਟਰ ਤਾਰਾ ਸਿੰਘ ਅਤੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵਿਚਾਲੇ ਹੋਏ ਸਮਝੌਤੇ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਅਤੇ ਆਜ਼ਾਦ ਭਾਰਤ ਦੀਆਂ ਸਰਕਾਰਾਂ ਨੇ ਸਿੱਖ ਧਰਮ ਬਾਰੇ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸਿੱਖਾਂ ਦੀਆਂ ਸਰਵਉੱਚ ਸੰਸਥਾਵਾਂ ਤੋਂ ਪੁੱਛਣ ਵਾਲੀਆਂ ਸੰਧੀਆਂ ਨੂੰ ਨਿਭਾਇਆ, ਪਰ ਇੱਕ ਸਿੱਖ ਪਰਿਵਾਰ ਵਿਚ ਪੈਦਾ ਹੋਏ ਵਿਅਕਤੀ ਵੱਲੋਂ ਐਸ.ਜੀ.ਪੀ.ਸੀ. ਨੂੰ ਚੁਣੌਤੀ ਦੇਣਾ ਕਿਸੇ ਅਹੰਕਾਰ ਤੋਂ ਘੱਟ ਨਹੀਂ ਹੈ।

ਚੰਨੀ ਨੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਿਸ ਸੰਸਥਾ ਦੇ ਅੱਗੇ ਮਹਾਰਾਜਾ ਰਣਜੀਤ ਸਿੰਘ ਵੀ ਸਿਰ ਝੁਕਾ ਕੇ ਸਜ਼ਾ ਭੁਗਤਣ ਲਈ ਤਿਆਰ ਸਨ, ਉਸ ਸੰਸਥਾ ਦੀ ਮਾਣ ਮਰਿਆਦਾ ਨੂੰ ਭਗਵੰਤ ਮਾਨ ਵੱਲੋਂ ਠੇਸ ਪਹੁੰਚਾਉਣਾ ਇੱਕ ਸਾਜ਼ਿਸ਼ ਦਾ ਹਿੱਸਾ ਹੈ। ਸੰਸਦ ਮੈਂਬਰ ਚੰਨੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਪਿਛਲੇ 4.5 ਸਾਲਾਂ ਦੌਰਾਨ ਇੱਕ ਵੀ ਬੇਅਦਬੀ ਦੇ ਮਾਮਲੇ ਦੀ ਪੈਰਵੀ ਨਹੀਂ ਕੀਤੀ, ਬਲਕਿ ਬੇਅਦਬੀ ਦੇ ਮੁੱਖ ਦੋਸ਼ੀਆਂ ਨੂੰ ਸਰਕਾਰੀ ਗਵਾਹ ਬਣਾ ਕੇ ਮੁਆਫੀ ਦੇ ਦਿੱਤੀ ਗਈ ਅਤੇ ਬਰਗਾੜੀ ਮਾਮਲੇ ਵਿਚ ਵੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ।

ਚੰਨੀ ਨੇ ਭਗਵੰਤ ਮਾਨ ਸਰਕਾਰ ਨੂੰ ਠੀਕ ਤਰੀਕੇ ਨਾਲ ਕੰਮ ਕਰਨ ਦਾ ਤਰੀਕਾ ਦੱਸਦਿਆਂ ਕਾਂਗਰਸ ਸਰਕਾਰ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਸਾਡੀ ਸਰਕਾਰ ਦੌਰਾਨ ਸ੍ਰੀ ਚਮਕੌਰ ਸਾਹਿਬ ਵਿਚ 'ਦਾਸਤਾਨ-ਏ-ਸ਼ਹਾਦਤ' ਥੀਮ ਪਾਰਕ ਦਾ ਉਦਘਾਟਨ ਕਰਨ ਤੋਂ ਪਹਿਲਾਂ ਐਸ.ਜੀ.ਪੀ.ਸੀ. ਤੋਂ ਮਨਜ਼ੂਰੀ ਲਈ ਗਈ ਸੀ ਅਤੇ ਭਗਵੰਤ ਮਾਨ ਸਰਕਾਰ ਨੂੰ ਇਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਚੰਨੀ ਨੇ ਭਗਵੰਤ ਮਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਚ ਪੇਸ਼ ਹੋ ਕੇ ਸੰਸਥਾ ਵਿਰੋਧੀ ਕੁਝ ਨਾ ਬੋਲਣ ਦੇ ਆਦੇਸ਼ਾਂ ਨੂੰ ਨਜ਼ਰਅੰਦਾਜ਼ ਕਰਕੇ ਫਿਰ ਤੋਂ ਐਸ.ਜੀ.ਪੀ.ਸੀ. ਵਿਰੋਧੀ ਗਲਤ ਟਿੱਪਣੀ ਕਰਨ ਨੂੰ ਗਲਤ ਠਹਿਰਾਉਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਆਪਣੀਆਂ ਸਿੱਖ ਵਿਰੋਧੀ ਚਾਲਾਂ ਵਿਚ ਕਦੀ ਵੀ ਕਾਮਯਾਬ ਨਹੀਂ ਹੋਵੇਗੀ।

# ਤਿੰਨ ਘੰਟਿਆਂ 'ਚ ਦੋ ਧਮਾਕਿਆਂ ਨਾਲ ਵਧੀ ਦਹਿਸ਼ਤ, ਹੁਣ NIA ਦੀ ਐਂਟਰੀ

ਅੰਮ੍ਰਿਤਸਰ: ਪੰਜਾਬ 'ਚ ਮੰਗਲਵਾਰ ਰਾਤ ਨੂੰ ਜਲੰਧਰ ਅਤੇ ਅੰਮ੍ਰਿਤਸਰ 'ਚ ਬੀਐੱਸਐੱਫ ਹੈੱਡਕੁਆਰਟਰ ਦੇ ਬਾਹਰ ਜ਼ਬਰਦਸਤ ਧਮਾਕੇ ਹੋਏ ਹਨ। ਤਿੰਨ ਘੰਟੇ ਦੇ ਵਕਫ਼ੇ 'ਤੇ ਹੋਏ ਇਸ ਧਮਾਕੇ ਨੇ ਪੁਲਿਸ ਪ੍ਰਸ਼ਾਸਨ 'ਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਪੁਲਿਸ ਦੋਵਾਂ ਮਾਮਲਿਆਂ ਦੀ ਜਾਂਚ ਕਰ ਰਹੀ ਹੈ ਪਰ ਹੁਣ ਐਨਆਈਏ ਦੀ ਟੀਮ ਵੀ ਮਾਮਲੇ ਦੀ ਜਾਂਚ ਲਈ ਪੰਜਾਬ ਪਹੁੰਚ ਰਹੀ ਹੈ। ਕਾਂਗਰਸੀ ਆਗੂ ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਇਹ ਸਭ ਇਸ ਲਈ ਹੋ ਰਿਹਾ ਹੈ ਕਿਉਂਕਿ ਸੂਬੇ ਵਿੱਚ ਚੋਣਾਂ ਹੋਣ ਵਾਲੀਆਂ ਹਨ। ਇਹ ਇਲਾਕਾ ਕੇਂਦਰ ਸਰਕਾਰ ਦੇ ਅਧੀਨ ਆਉਂਦਾ ਹੈ। ਇੱਥੋਂ ਦੀ ਸਥਿਤੀ ਨੂੰ ਨਾ ਤਾਂ ਕੇਂਦਰ ਸਰਕਾਰ ਅਤੇ ਨਾ ਹੀ ਸੂਬਾ ਸਰਕਾਰ ਕਾਬੂ ਕਰ ਪਾ ਰਹੀ ਹੈ। ਮੈਨੂੰ ਲੱਗਦਾ ਹੈ ਕਿ ਪੰਜਾਬ ਦੀਆਂ ਚੋਣਾਂ ਵਿੱਚ ਧਾਂਦਲੀ ਕਰਨ ਦੀ ਕੋਈ ਸਾਜ਼ਿਸ਼ ਰਚੀ ਜਾ ਰਹੀ ਹੈ। ਜਲੰਧਰ 'ਚ ਮੰਗਲਵਾਰ ਰਾਤ ਗੁਰਪ੍ਰੀਤ ਨਾਂ ਦਾ ਨੌਜਵਾਨ ਕੋਰੀਅਰ ਡਿਲੀਵਰੀ ਲਈ ਬੀਐੱਸਐੱਫ ਹੈੱਡਕੁਆਰਟਰ ਆਇਆ ਸੀ। ਉਸ ਨੇ ਆਪਣਾ ਸਕੂਟਰ ਬਾਹਰ ਖੜ੍ਹਾ ਕੀਤਾ ਅਤੇ ਪਾਰਸਲ ਦੀ ਡਿਲੀਵਰੀ ਕਰਨ ਲਈ ਅੰਦਰ ਚਲਾ ਗਿਆ ਪਰ ਕੁਝ ਦੇਰ ਬਾਅਦ ਪਿੱਛੇ ਖੜ੍ਹੇ ਉਸੇ ਸਕੂਟਰ ਵਿੱਚ ਜ਼ੋਰਦਾਰ ਧਮਾਕਾ ਹੋ ਗਿਆ। ਅਧਿਕਾਰੀ ਇਸ ਗੱਲ ਤੋਂ ਇਨਕਾਰ ਨਹੀਂ ਕਰ ਰਹੇ ਹਨ ਕਿ ਇਹ ਕੋਈ ਅੱਤਵਾਦੀ ਘਟਨਾ ਹੋ ਸਕਦੀ ਹੈ।

# MP ਸੰਦੀਪ ਪਾਠਕ ਦੀਆਂ ਵਧੀਆਂ ਮੁਸ਼ਕਿਲਾਂ!, ਰਾਜ ਸਭਾ ਮੈਂਬਰ ਖਿਲਾਫ਼ ਦੋ FIR ਦਰਜ


ਚੰਡੀਗੜ੍ਹ : ਪੰਜਾਬ ਵਿੱਚ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸੰਸਦ ਮੈਂਬਰ ਸੰਦੀਪ ਪਾਠਕ ਦੀਆਂ ਮੁਸ਼ਕਿਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ ਪੰਜਾਬ ਪੁਲਿਸ ਨੇ ਸ਼ਨੀਵਾਰ ਨੂੰ ਰਾਜ ਸਭਾ ਮੈਂਬਰ ਸੰਦੀਪ ਪਾਠਕ ਖ਼ਿਲਾਫ਼ ਦੋ ਢੀ੍ ਦਰਜ ਕੀਤੀਆਂ ਹਨ।ਪ੍ਰਾਪਤ ਜਾਣਕਾਰੀ ਅਨੁਸਾਰ ਉਨ੍ਹਾਂ ਖ਼ਿਲਾਫ਼ ਇਹ ਮਾਮਲੇ ਗੈਰ-ਜ਼ਮਾਨਤੀ ਧਾਰਾਵਾਂ ਤਹਿਤ ਦਰਜ ਕੀਤੇ ਗਏ ਹਨ। ਇਹਨਾਂ ਵਿੱਚੋਂ ਇੱਕ ਮਾਮਲਾ ਭ੍ਰਿਸ਼ਟਾਚਾਰ ਨਾਲ ਸਬੰਧਤ ਹੈ, ਜਦਕਿ ਦੂਜਾ ਮਹਿਲਾ ਦੇ ਸ਼ੋਸ਼ਣ ਨਾਲ ਜੁੜਿਆ ਹੋਇਆ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਇੱਕ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਦੇ ਦੋ ਵੱਖ-ਵੱਖ ਜ਼ਿਲ੍ਹਿਆਂ ਵਿੱਚ ਰਾਜ ਸਭਾ ਮੈਂਬਰ ਖ਼ਿਲਾਫ਼ ਦੋ FIR ਦਰਜ ਕੀਤੀਆਂ ਗਈਆਂ ਹਨ। ਅਧਿਕਾਰੀ ਨੇ ਅੱਗੇ ਕਿਹਾ ਕਿ ਪਾਠਕ ਨੂੰ ਹੁਣ ਕਿਸੇ ਵੀ ਸਮੇਂ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ।

ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਪੰਜਾਬ ਪੁਲਿਸ ਦਿੱਲੀ ਸਥਿਤ ਉਨ੍ਹਾਂ ਦੇ ਘਰ ਪਹੁੰਚ ਗਈ ਹੈ । ਇਸ ਦੇ ਨਾਲ ਹੀ ਦਿੱਲੀ ਸਥਿਤ ਉਨ੍ਹਾਂ ਦੀ ਸਰਕਾਰੀ ਰਿਹਾਇਸ਼ (C-1/28) 'ਤੇ ਹਲਚਲ ਤੇਜ਼ ਹੋ ਗਈ ਹੈ।ਪੰਜਾਬ ਪੁਲਿਸ ਦੇ ਉੱਥੇ ਪਹੁੰਚਣ ਤੋਂ ਪਹਿਲਾਂ ਹੀ ਸੰਦੀਪ ਪਾਠਕ ਆਪਣੇ ਪੀ.ਐੱਸ.ਓ. (ਸੁਰੱਖਿਆ ਅਧਿਕਾਰੀ) ਦੇ ਨਾਲ ਘਰ ਤੋਂ ਰਵਾਨਾ ਹੋ ਗਏ।

ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਸੰਦੀਪ ਪਾਠਕ ਅਤੇ ਰਾਘਵ ਚੱਢਾ ਸਮੇਤ 7 ਹੋਰ ਰਾਜ ਸਭਾ ਮੈਂਬਰ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ।ਇਨ੍ਹਾਂ ਸਾਰੇ ਸੰਸਦ ਮੈਂਬਰਾਂ ਦੇ ਸਮੂਹ ਨੇ ਭਾਜਪਾ ਵਿੱਚ ਰਲੇਵਾਂ ਕਰ ਲਿਆ ਸੀ। ਇਸ ਤੋਂ ਬਾਅਦ, ਸ਼ੁੱਕਰਵਾਰ ਨੂੰ ਭਗਵੰਤ ਮਾਨ ਸਰਕਾਰ ਨੇ ਪੰਜਾਬ ਵਿਧਾਨ ਸਭਾ ਵਿੱਚ ਭਰੋਸੇ ਦਾ ਮਤਾ ਪੇਸ਼ ਕੀਤਾ ਅਤੇ ਉਸ ਨੂੰ ਪਾਸ ਕਰਵਾਉਣ ਵਿੱਚ ਸਫਲਤਾ ਹਾਸਲ ਕੀਤੀ।











# ਮੈਕਰੋ ਅਤੇ ਮਾਈਕਰੋ ਪਲਾਸਟਿਕ



ਅੱਜ ਦੇ ਆਧੁਨਿਕ ਯੁੱਗ ਵਿੱਚ, ਜਿੱਥੇ ਵਿਗਿਆਨ ਅਤੇ ਤਕਨੀਕ ਦੇ ਪ੍ਰਭਾਵ ਹੇਠ ਦੁਨੀਆ ਤੇਜ਼ੀ ਨਾਲ ਵਿਕਸਤ ਹੋ ਰਹੀ ਹੈ, ਪਲਾਸਟਿਕ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ। ਪਦਾਰਥਾਂ ਨੂੰ ਭੌਤਿਕ ਰੂਪ ਦੇ ਬਣਾਉਣ ਤੋਂ ਲੈ ਕੇ ਪੈਕਿੰਗ, ਪਾਣੀ ਦੀਆਂ ਬੋਤਲਾਂ, ਖਾਣ-ਪੀਣ ਦੇ ਸਮਾਨ, ਕੱਪੜਿਆਂ ਅਤੇ ਇਲੈਕਟ੍ਰਾਨਿਕ ਸਾਮਾਨ ਤੱਕ—ਪਲਾਸਟਿਕ ਹਰ ਥਾਂ ਵਰਤਿਆ ਜਾ ਰਿਹਾ ਹੈ। ਪਰ ਇੱਕ ਅਹਿਮ ਗੱਲ ਜੋ ਅਕਸਰ ਲੋਕ ਸਮਝ ਨਹੀਂ ਪਾਉਂਦੇ, ਉਹ ਇਹ ਹੈ ਕਿ ਪਲਾਸਟਿਕ ਕਦੇ ਖਤਮ ਨਹੀਂ ਹੁੰਦਾ—ਇਹ ਸਿਰਫ਼ ਛੋਟੇ-ਛੋਟੇ ਟੁਕੜਿਆਂ ਵਿੱਚ ਟੁੱਟ ਜਾਂਦਾ ਹੈ, ਜੋ ਵਾਤਾਵਰਣ ਅਤੇ ਸਿਹਤ ਲਈ ਵੱਡੀ ਚਿੰਤਾ ਬਣ ਰਹੇ ਹਨ।

**ਆਓ ਇਸਨੂੰ ਆਸਾਨ ਭਾਸ਼ਾ ਵਿੱਚ ਸਮਝੀਏ—**

**ਮੈਕਰੋਪਲਾਸਟਿਕ (ਵੱਡੇ ਪਲਾਸਟਿਕ ਦੇ ਟੁਕੜੇ)**

ਮੈਕਰੋਪਲਾਸਟਿਕ ਉਹ ਵੱਡੇ ਅਤੇ ਸਪੱਸ਼ਟ ਪਲਾਸਟਿਕ ਦੇ ਸਮਾਨ ਹੁੰਦੇ ਹਨ, ਜਿਵੇਂ ਕਿ ਪਲਾਸਟਿਕ ਦੇ ਥੈਲੇ, ਬੋਤਲਾਂ, ਖਾਣੇ ਦੇ ਰੈਪਰ, ਡਿਸਪੋਜ਼ੇਬਲ ਕੱਪ ਅਤੇ ਪਲੇਟਾਂ। ਇਹ ਉਹ ਪਲਾਸਟਿਕ ਹਨ ਜੋ ਅਸੀਂ ਆਸਾਨੀ ਨਾਲ ਕੂੜੇ ਦੇ ਢੇਰਾਂ, ਦਰਿਆਵਾਂ ਅਤੇ ਸੜਕਾਂ 'ਤੇ ਵੇਖ ਸਕਦੇ ਹਾਂ।

**ਮਾਈਕਰੋਪਲਾਸਟਿਕ (ਬਹੁਤ ਛੋਟੇ ਕਣ)**

ਮਾਈਕਰੋਪਲਾਸਟਿਕ ਬਹੁਤ ਹੀ ਛੋਟੇ ਪਲਾਸਟਿਕ ਦੇ ਕਣ ਹੁੰਦੇ ਹਨ, ਜਿਨ੍ਹਾਂ ਦਾ ਆਕਾਰ ਆਮ ਤੌਰ 'ਤੇ 5 ਮਿਲੀਮੀਟਰ ਤੋਂ ਘੱਟ ਹੁੰਦਾ ਹੈ। ਇਹ ਅਕਸਰ ਅੱਖ ਨਾਲ ਨਹੀਂ ਵੇਖੇ ਜਾ ਸਕਦੇ।

ਇਹ ਵੱਡੇ ਪਲਾਸਟਿਕ ਦੇ ਸਮਾਨ ਦੇ ਟੁੱਟਣ ਨਾਲ ਬਣਦੇ ਹਨ, ਜਿਵੇਂ ਕਿ ਸਿੰਥੇਟਿਕ ਕੱਪੜੇ (ਪਾਲੀਐਸਟਰ) ਧੋਣ ਦੌਰਾਨ ਛੋਟੇ ਰੇਸ਼ੇ ਛੱਡਦੇ ਹਨ, ਕਾਸਮੈਟਿਕ ਉਤਪਾਦ ਅਤੇ ਸੜਕਾਂ 'ਤੇ ਟਾਇਰਾਂ ਦੇ ਘਿਸਣ ਨਾਲ ਵੀ ਇਹ ਬਣਦੇ ਹਨ।

ਅੱਜਕੱਲ੍ਹ ਇਸ ਤੋਂ ਵੀ ਛੋਟੇ ਕਣ, ਜਿਨ੍ਹਾਂ ਨੂੰ ਨੈਨੋਪਲਾਸਟਿਕ ਕਿਹਾ ਜਾਂਦਾ ਹੈ, ਉੱਤੇ ਵੀ ਅਧਿਐਨ ਕੀਤਾ ਜਾ ਰਿਹਾ ਹੈ।

**ਜੀਵ ਜੰਤੂਆਂ 'ਤੇ ਇਸਦਾ ਅਸਰ**

**ਜਾਨਵਰਾਂ 'ਤੇ ਅਸਰ**

ਜਾਨਵਰ ਅਕਸਰ ਪਲਾਸਟਿਕ ਨੂੰ ਖਾਣ ਸਮਝ ਕੇ ਖਾ ਲੈਂਦੇ ਹਨ। ਪੰਛੀ, ਮੱਛੀਆਂ ਅਤੇ ਗਾਂਵਾਂ ਪਲਾਸਟਿਕ ਖਾ ਲੈਂਦੀਆਂ ਹਨ, ਜਿਸ ਨਾਲ ਉਹਨਾਂ ਦੀ ਸਾਹ ਘੁੱਟਣ ਨਾਲ ਮੌਤ ਹੋ ਸਕਦੀ ਹੈ। ਮਾਈਕਰੋਪਲਾਸਟਿਕ ਸਮੁੰਦਰੀ ਜੀਵਨ ਵਿੱਚ ਦਾਖਲ ਹੋ ਚੁੱਕਾ ਹੈ ਅਤੇ ਹੌਲੀ-ਹੌਲੀ ਖੁਰਾਕ ਦੀ ਲੜੀ ਰਾਹੀਂ ਅੱਗੇ ਵੱਧ ਰਿਹਾ ਹੈ।

**ਮਨੁੱਖਾਂ 'ਤੇ ਅਸਰ**

ਮਾਈਕਰੋਪਲਾਸਟਿਕ ਪੀਣ ਵਾਲੇ ਪਾਣੀ, ਹਵਾ, ਨਮਕ ਅਤੇ ਪੈਕ ਕੀਤੇ ਖਾਣੇ ਵਿੱਚ ਮਿਲ ਚੁੱਕਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਮਨੁੱਖੀ ਖੂਨ ਅਤੇ ਫੇਫੜਿਆਂ ਵਿੱਚ ਵੀ ਮਿਲਿਆ ਹੈ।

ਇਸਦੇ ਸੰਭਾਵੀ ਅਸਰਾਂ ਵਿੱਚ ਸਰੀਰ ਵਿੱਚ ਸੋਜ਼, ਹਾਰਮੋਨਲ ਅਸੰਤੁਲਨ (ਪਲਾਸਟਿਕ ਨਕਲੀ ਹਾਰਮੋਨ ਵਾਂਗ ਕੰਮ ਕਰ ਸਕਦਾ ਹੈ) ਅਤੇ ਸਮੇਂ ਨਾਲ ਅੰਗਾਂ ਨੂੰ ਨੁਕਸਾਨ ਸ਼ਾਮਲ ਹਨ।

**ਵਾਤਾਵਰਣ 'ਤੇ ਅਸਰ**

ਪਲਾਸਟਿਕ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਘਟਾਉਂਦਾ ਹੈ ਅਤੇ ਪਾਣੀ ਦੇ ਸਰੋਤਾਂ ਨੂੰ ਪ੍ਰਦੂਸ਼ਿਤ ਕਰਦਾ ਹੈ।

ਸਮੁੰਦਰੀ ਪ੍ਰਣਾਲੀਆਂ ਨੂੰ ਵੀ ਵੱਡਾ ਨੁਕਸਾਨ ਪਹੁੰਚਦਾ ਹੈ ਕਿਉਂਕਿ ਪਲਾਸਟਿਕ ਨੂੰ ਖਤਮ ਹੋਣ ਵਿੱਚ ਸੈਂਕੜਿਆਂ ਸਾਲ ਲੱਗਦੇ ਹਨ।

**ਕੀ ਪਲਾਸਟਿਕ ਕੈਂਸਰ ਪੈਦਾ ਕਰਦਾ ਹੈ?**

ਪਲਾਸਟਿਕ ਹਮੇਸ਼ਾ ਸਿੱਧੇ ਤੌਰ 'ਤੇ ਕੈਂਸਰ ਦਾ ਕਾਰਨ ਨਹੀਂ ਬਣਦਾ, ਪਰ ਇਹ ਬੀ ਐਫ ਏ(ਬਿਸਫੇਨੋਲ ਏ) ਅਤੇ ਫਥਾਲੇਟਸ ਵਰਗੇ ਹਾਨੀਕਾਰਕ ਰਸਾਇਣ ਛੱਡ ਸਕਦਾ ਹੈ।

ਇਹ ਰਸਾਇਣ ਹਾਰਮੋਨਲ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਪ੍ਰਜਨਨ ਸਿਹਤ 'ਤੇ ਅਸਰ ਪਾਂਦੇ ਹਨ। ਲੰਬੇ ਸਮੇਂ ਤੱਕ ਸੰਪਰਕ ਨਾਲ ਕੁਝ ਕਿਸਮਾਂ ਦੇ ਕੈਂਸਰ ਦਾ ਖਤਰਾ ਵੱਧ ਸਕਦਾ ਹੈ।

ਇਸ ਲਈ, ਸਾਰੇ ਪਲਾਸਟਿਕ ਸਿੱਧੇ ਤੌਰ 'ਤੇ ਕੈਂਸਰ ਕਾਰਕ ਨਹੀਂ ਹੁੰਦੇ, ਪਰ ਲੰਬੇ ਸਮੇਂ ਦੀ ਸੰਪਰਕ ਸਿਹਤ ਲਈ ਖਤਰਨਾਕ ਹੋ ਸਕਦੀ ਹੈ।

**ਇੱਕ ਆਮ ਵਿਅਕਤੀ ਕਿਵੇਂ ਬਚਾਅ ਕਰ ਸਕਦਾ ਹੈ?**

**ਪਲਾਸਟਿਕ ਦੀ ਵਰਤੋਂ ਘਟਾਓ**

ਕਪੜੇ ਜਾਂ ਬੋਰੀ ਦੇ ਥੈਲੇ ਵਰਤੋ। ਇੱਕ ਵਾਰ ਵਰਤੇ ਜਾਣ ਵਾਲੇ ਪਲਾਸਟਿਕ ਤੋਂ ਬਚੋ। ਸਟੀਲ, ਕੱਚ ਜਾਂ ਤਾਂਬੇ ਦੀਆਂ ਬੋਤਲਾਂ ਵਰਤੋ।

**ਖਾਣ-ਪੀਣ ਵਿੱਚ ਸਾਵਧਾਨੀ**

ਪਲਾਸਟਿਕ ਦੇ ਬਰਤਨਾਂ ਵਿੱਚ ਖਾਣਾ ਗਰਮ ਨਾ ਕਰੋ। ਪੈਕ ਕੀਤੇ ਅਤੇ ਪ੍ਰੋਸੈਸਡ ਖਾਣੇ ਨੂੰ ਘਟਾਓ। ਤਾਜ਼ਾ ਅਤੇ ਘਰੇਲੂ ਖਾਣੇ ਨੂੰ ਤਰਜ਼ੀਹ ਦਿਓ।

**ਕੱਪੜਿਆਂ ਦੀ ਚੋਣ**

ਕਪਾਹ ਜਾਂ ਉਨ ਵਰਗੇ ਕੁਦਰਤੀ ਕੱਪੜੇ ਪਹਿਨੋ। ਸਿੰਥੇਟਿਕ ਕੱਪੜੇ ਘੱਟ ਧੋਵੋ ਅਤੇ ਸੰਭਵ ਹੋਵੇ ਤਾਂ ਫਿਲਟਰ ਵਰਤੋ।

**ਕੂੜੇ ਦਾ ਪ੍ਰਬੰਧਨ**

ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖਰਾ ਕਰੋ। ਰੀਸਾਈਕਲਿੰਗ ਨੂੰ ਉਤਸ਼ਾਹਿਤ ਕਰੋ।

**ਸਾਫ਼ ਪਾਣੀ ਪੀਓ**

ਵਧੀਆ ਗੁਣਵੱਤਾ ਵਾਲੇ ਫਿਲਟਰ ਵਰਤੋ ਅਤੇ ਬੋਤਲਬੰਦ ਪਾਣੀ ਦੀ ਵਰਤੋਂ ਘਟਾਓ।

**ਭਵਿੱਖ: ਬਾਇਓਡੀਗਰੇਡੇਬਲ ਪਲਾਸਟਿਕ**

ਬਾਇਓਡੀਗਰੇਡੇਬਲ ਪਲਾਸਟਿਕ ਉਹ ਹਨ ਜੋ ਸੂਖਮ ਜੀਵਾਂ ਦੀ ਮਦਦ ਨਾਲ ਕੁਦਰਤੀ ਤੌਰ 'ਤੇ ਟੁੱਟ ਸਕਦੇ ਹਨ।

**ਫਾਇਦੇ**

ਲੰਬੇ ਸਮੇਂ ਦੀ ਪ੍ਰਦੂਸ਼ਣ ਨੂੰ ਘਟਾਉਂਦੇ ਹਨ ਅਤੇ ਵਾਤਾਵਰਣ ਲਈ ਤੁਲਨਾਤਮਕ ਤੌਰ 'ਤੇ ਸੁਰੱਖਿਅਤ ਹਨ।

**ਸੀਮਾਵਾਂ**

ਖਾਸ ਹਾਲਾਤਾਂ (ਗਰਮੀ, ਜੀਵਾਣੂ) ਦੀ ਲੋੜ ਹੁੰਦੀ ਹੈ ਅਤੇ

ਹਰ ਥਾਂ ਆਸਾਨੀ ਨਾਲ ਨਹੀਂ ਟੁੱਟਦੇ। ਇਹ ਆਮ ਪਲਾਸਟਿਕ ਨਾਲੋਂ ਮਹਿੰਗੇ ਹੁੰਦੇ ਹਨ।

**ਭਵਿੱਖ ਦੀਆਂ ਸੰਭਾਵਨਾਵਾਂ**

ਪੌਦਿਆਂ ਤੋਂ ਬਣੇ ਪਦਾਰਥ (ਜਿਵੇਂ ਮੱਕੀ, ਗੰਨੇ) ਦੇ ਵਿਕਾਸ ਦੀ ਲੋੜ ਹੈ।

ਰੀਸਾਈਕਲਿੰਗ ਤਕਨੀਕਾਂ ਨੂੰ ਸੁਧਾਰਨਾ ਚਾਹੀਦਾ ਹੈ।

ਸਰਕਾਰ ਨੂੰ ਹਾਨੀਕਾਰਕ ਪਲਾਸਟਿਕ 'ਤੇ ਪਾਬੰਦੀ ਲਗਾਉਣ ਲਈ ਸਖ਼ਤ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ।

ਲੋਕਾਂ ਵਿੱਚ ਜਾਗਰੂਕਤਾ ਵੱਧਾਉਣੀ ਬਹੁਤ ਜ਼ਰੂਰੀ ਹੈ।

ਪਲਾਸਟਿਕ ਪ੍ਰਦੂਸ਼ਣ ਸਿਰਫ਼ ਵਾਤਾਵਰਣ ਦੀ ਸਮੱਸਿਆ ਨਹੀਂ—ਇਹ ਸਿਹਤ ਦੀ ਵੀ ਵੱਡੀ ਚੁਣੌਤੀ ਹੈ। ਜਿੱਥੇ ਮੈਕਰੋਪਲਾਸਟਿਕ ਸਾਡੇ ਆਲੇ-ਦੁਆਲੇ ਨੂੰ ਨੁਕਸਾਨ ਪਹੁੰਚਾਉਂਦੇ ਹਨ, ਉੱਥੇ ਮਾਈਕਰੋਪਲਾਸਟਿਕ ਚੁੱਪਚਾਪ ਸਾਡੇ ਸਰੀਰ ਵਿੱਚ ਦਾਖਲ ਹੋ ਰਹੇ ਹਨ।

ਹੱਲ ਸਿਰਫ਼ ਵੱਡੀਆਂ ਨੀਤੀਆਂ ਵਿੱਚ ਨਹੀਂ, ਸਗੋਂ ਸਾਡੇ ਰੋਜ਼ਾਨਾ ਦੇ ਛੋਟੇ-ਛੋਟੇ ਕਦਮਾਂ ਵਿੱਚ ਵੀ ਹੈ। ਸਹੀ ਚੋਣਾਂ ਕਰਕੇ ਹਰ ਵਿਅਕਤੀ ਆਪਣੇ ਅਤੇ ਵਾਤਾਵਰਣ ਦੇ ਭਵਿੱਖ ਨੂੰ ਸਿਹਤਮੰਦ ਬਣਾ ਸਕਦਾ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ,
ਪੰਜਾਬ।

## ਗ਼ਜ਼ਲ

### ਰਦੀਫ਼: "ਦਿਲ ਦੀ ਆਵਾਜ਼"

ਕਾਫ਼ੀਆ: "-ਲ / -ਚਲ / -ਹਲ / -ਸੰਭਲ / -ਉਜਲ"

**ਮਤਲਾ:**

ਹਰ ਪਲ ਸਾਡੇ ਨਾਲ ਰਹੇ, ਦਿਲ ਦੀ ਆਵਾਜ਼,
ਰਾਹ ਸਹੀ ਦਿਖਲਾਂਦੀ ਰਹੇ, ਦਿਲ ਦੀ ਆਵਾਜ਼।
ਭੀੜਾਂ ਵਿਚ ਵੀ ਆਪਾ ਆਪ ਲੱਭ ਲੈਂਦੇ ਹਾਂ,
ਅੰਦਰ ਹੌਲੀ ਹੌਲੀ ਵਗੇ, ਦਿਲ ਦੀ ਆਵਾਜ਼।

ਜਦੋਂ ਹਨੇਰਾ ਘੇਰ ਲਏ ਹਰ ਪਾਸੇ ਸਾਨੂੰ,
ਚਾਨਣ ਬਣਕੇ ਰਾਹ ਚਮਕੇ, ਦਿਲ ਦੀ ਆਵਾਜ਼।
ਠੋਕਰ ਖਾ ਕੇ ਵੀ ਜਿਹੜੀ ਹੌਸਲਾ ਦੇ ਜਾਵੇ,
ਜੀਵਨ ਰਾਹਾਂ ਨੂੰ ਕਰੇ ਸਹਲ, ਦਿਲ ਦੀ ਆਵਾਜ਼।

ਸੱਚ ਦੇ ਰਾਹ ਤੇ ਚੱਲਣ ਦੀ ਤਾਕਤ ਦੇਵੇ,
ਕਦੇ ਨਾ ਹੋਵੇ ਝੂਠ ਨਾਲ ਮਿਲ, ਦਿਲ ਦੀ ਆਵਾਜ਼।


**ਮਕਤਾ:**

"ਸਤਵਿੰਦਰ" ਸੁਣ ਲੈ ਇਸਨੂੰ, ਰਾਹ ਨਾ ਭੁੱਲੇਂਗੀ,
ਰੱਬ ਨਾਲ ਜੋੜਨ ਵਾਲੀ ਪਲ, ਦਿਲ ਦੀ ਆਵਾਜ਼।

Satwinder Kaur

## ਸਾਵਧਾਨ !

# ਕਿਡਨੀ ਰੋਗਾਂ ਦਾ ਵੱਧ ਰਿਹਾ ਹੈ ਅੰਕੜਾ



"ਤਿੱਖਾ ਦਰਦ ਪਿੱਠ ਜਾਂ ਪਾਸੇ 'ਚ, ਪਿਸ਼ਾਬ ਦੌਰਾਣ ਪੀੜ, ਜਲਨ, ਖੂਨ, ਘਬਰਾਹਟ, ਉਲਟੀ, ਪੈਰਾਂ ਦੁਆਲੇ ਸੋਜਸ਼,ਵਗੈਰਾ ਦੀ ਹਾਲਤ 'ਚ ਬਿਨਾਂ ਦੇਰ ਕੀਤੇ ਡਾਕਟਰੀ ਮਦਦ ਲਵੋ- ਡਾ ਅਨਿਲ ਧੀਰ. ਕਾਲਮਨਿਸਟ. ਪੀਐਫਏ ਕੈਨੇਡੀਅਨ ਰੈੱਡ ਕਰਾਸ. ਲੇਖਕ


"ਹੈਲਥ ਅਲਰਟ ਸੀਰੀਜ਼" ਅਤੇ "ਸੈਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ" ਹੈਲਥ ਮੀਡੀਆ ਕੈਨੇਡਾ: (ਡਾ ਅਨਿਲ ਧੀਰ): ਵਿਸ਼ਵ ਭਰ 'ਚ ਕਿਡਨੀ ਦੇ ਰੋਗ ਤੇਜ਼ੀ ਨਾਲ ਵੱਧ ਰਹੇ ਹਨ। ਕਰੀਬਨ 851 ਮਿਲੀਅਨ ਤੋਂ ਵੱਧ ਲੋਕ ਗੰਭੀਰ ਕਿਡਨੀ ਰੋਗਾਂ ਦੇ ਘੇਰੇ 'ਚ ਆ ਚੁੱਕੇ ਹਨ। ਇਹ ਅੰਕੜਾ ਲਗਾਤਾਰ ਵੱਧ ਰਿਹਾ ਹੈ। ਹਾਈਪਰਟੈਂਨਸ਼ਨ, ਮੋਟਾਪਾ ਅਤੇ ਡਾਇਬਟੀਜ਼ ਵਗੈਰਾ ਰੋਗ ਗੰਭੀਰ ਕਿਡਨੀ ਦੀਆਂ ਬੀਮਾਰੀ ਦਾ ਕਾਰਨ ਬਣ ਰਹੇ ਹਨ ਜੋ ਲਾਪ੍ਰਵਾਹੀ ਕਰਨ ਨਾਲ ਭਵਿੱਖ 'ਚ ਅਪੰਗਤਾ ਅਤੇ ਮੌਤ ਦਾ ਕਾਰਨ ਵੀ ਬਣਦੇ ਜਾ ਰਹੇ ਹਨ। ਅੱਜ 60000 ਤੋਂ ਵੱਧ ਕੈਨੇਡੀਅਨ ਅਖਿਰੀ ਸਟੇਜ਼ ਦੀ ਬਿਮਾਰੀ ਦੀ ਨਾਲ ਜੀਅ ਰਹੇ ਹਨ। ਕਰੀਬਨ 31000 ਡਾਇਸਿਸ 'ਤੇ ਨਿਰਭਰ ਹਨ, ਜੱਦ ਕਿ 20000 ਤੋਂ ਵੱਧ ਕਾਰਜਸ਼ੀਲ ਕਿਡਨੀ ਟ੍ਰਾਂਸਪਲਾਂਟ ਨਾਲ ਜੀਅ ਰਹੇ ਹਨ।

ਕਾਰਨਾਂ 'ਚ ਸ਼ੂਗਰ ਗੁਰਦੇ ਦੀ ਬਿਮਾਰੀ ਦਾ ਮੁੱਖ ਕਾਰਨ ਲੱਗਭਗ 45% ਨਵੇਂ ਮਾਮਲਿਆਂ ਲਈ ਜ਼ਿੰਮੇਵਾਰ ਹੈ। ਹਾਈਪਰਟੈਂਨਸ਼ਨ ਡੇਲੀ 46% ਨਵੇਂ ਮਾਮਲਿਆਂ ਲਈ ਜ਼ਿੰਮੇਵਾਰ ਦੇਖਿਆ ਜਾ ਰਿਹਾ ਹੈ। ਹੋਰ ਕਾਰਨ ਜਿਵੇਂ ਕਿ ਗਲੋਮੇਰੂਲੋਨੇਫ੍ਰਾਈਟਿਸ, ਪੋਲੀਸਿਸਟਿਕ ਕਿਡਨੀ ਦੇ ਵਿਰਾਸਤੀ ਰੋਗ ਅਤੇ ਕੁੱਝ ਦਵਾਈਆਂ ਲੰਬੇ ਸਮੇਂ ਤੱਕ ਇਸਤੇਮਾਲ ਕਰਨ ਨਾਲ ਵੀ ਕਿਡਨੀ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚ ਰਿਹਾ ਹੈ। ਬਿਗੜ ਰਿਹਾ ਲਾਈਫਸਟਾਈਲ ਯਾਨਿ ਅਨਹੈਲਦੀ ਖੁਰਾਕ ਅਤੇ ਘੱਟ ਸਰੀਰਕ ਐਕਟੀਵਿਟੀ ਵੀ ਕਿਡਨੀ ਰੋਗਾਂ ਨੂੰ ਵਧਾ ਰਹੀ ਹੈ।

ਗੁਰਦੇ ਸਰੀਰ ਦੇ ਖਾਸ ਅੰਗ ਹਨ ਜੋ ਖੂਨ ਨੂੰ ਸਾਫ ਕਰਦੇ ਹਨ ਅਤੇ ਬੇਕਾਰ ਪਦਾਰਥ ਬਾਹਰ ਕੱਢਦੇ ਹਨ। ਗੁਰਦੇ ਦੀ ਕਾਰਜਸ਼ੀਲਤਾ 'ਚ ਆਈ ਕੋਈ ਵੀ ਗੜਬੜ ਅੱਗੇ ਜਾ ਕੇ ਖਤਰਨਾਕ ਹਾਲਾਤ ਪੈਦਾ ਕਰ ਦਿੰਦੀ ਹੈ।

ਆਮ ਕਿਡਨੀ ਰੋਗ: ਕਿਡਨੀ 'ਚ ਪੱਥਰੀ ਦਾ ਬਣ ਜਾਣਾ:

* ਪੱਥਰੀ ਦੀ ਹਾਲਤ 'ਚ ਰੋਗੀ ਨੂੰ ਘਬਰਾਹਟ ਨਾਲ ਉਲਟੀ ਆ ਸਕਦੀ ਹੈ। ਤਿੱਖਾ ਦਰਦ ਪਿੱਠ ਜਾਂ ਪਾਸੇ 'ਚ ਸ਼ੁਰੂ ਹੋ ਜਾਂਦਾ ਹੈ। ਪਿਸ਼ਾਬ 'ਚ ਖੂਨ ਵੀ ਆ ਸਕਦਾ ਹੈ।
* ਕਿਡਨੀ ਇਨਫੈਕਸ਼ਨ ਦੀ ਹਾਲਤ 'ਚ ਰੋਗੀ ਨੂੰ ਬੁਖਾਰ ਹੋ ਜਾਂਦਾ ਹੈ। ਪਿਸ਼ਾਬ 'ਚ ਜਲਨ ਦੇ ਨਾਲ-ਨਾਲ ਰਗੀ ਨੂੰ ਬਾਰ-ਬਾਰ ਪਿਸ਼ਾਬ ਆਉਣਾ ਸ਼ੁਰੂ ਹੋ ਜਾਂਦਾ ਹੈ।
* ਪੁਰਾਣੇ ਕਿਡਨੀ ਰੋਗਾਂ 'ਚ ਗੁਰਦੇ ਦੀ ਕੰਮ ਕਰਨ ਦੀ ਸ਼ਕਤੀ ਘੱਟ ਜਾਂਦੀ ਹੈ। ਇਸ ਹਾਲਤ 'ਚ ਭੁੱਖ ਘੱਟ ਜਾਂਦੀ ਹੈ। ਰੋਗੀ ਹਮੇਸ਼ਾ ਥੱਕਿਆ ਮਹਿਸੂਸ ਕਰਦਾ ਹੈ। ਪੈਰਾਂ 'ਚ ਸੂਜਨ ਰਹਿਣ ਲੱਗ ਪੈਂਦੀ ਹੈ।
* ਐਕਿਊਟ ਕਿਡਨੀ ਫੇਲੀਅਰ: ਅਚਾਨਕ ਗੁਦੇ ਕੰਮ ਕਰਨਾ ਬੰਦ ਕਰ ਦਿੰਦੇ ਹਨ। ਅਜਿਹਾ ਦਵਾਈਆਂ ਦੀ ਜ਼ਿਆਦਾ ਵਰਤੋਂ ਡੀਹਾਈਡ੍ਰੇਸ਼ਨ ਅਤੇ ਸਰੀਰ ਅੰਦਰ ਜ਼ਹਿਰੀਲੇ ਪਦਾਰਥਾਂ ਦੀ ਮੌਜ਼ੂਦਗੀ ਦੇਖੀ ਜਾਂਦੀ ਹੈ।
* ਪ੍ਰੋਟੀਨਯੁਰੀਆ: ਇਹ ਗੁਰਦੇ ਦੀ ਖਰਾਬੀ ਦਾ ਸੰਕੇਤ ਹੁੰਦਾ ਹੈ। ਪਿਸ਼ਾਬ 'ਚ ਪ੍ਰੋਟੀਨ ਆਉਣਾ ਸ਼ੁਰੂ ਹੋ ਜਾਂਦਾ ਹੈ।
* ਇਸ ਹਾਲਤ 'ਚ ਪਿਸ਼ਾਬ ਦੀ ਮਾਤਰਾ 'ਚ ਬਦਲਾਅ ਦੇ ਨਾਲ ਪਿਸ਼ਾਬ 'ਚ ਖੂਨ ਜਾਂ ਝੱਗ ਦੇਖਣ ਨੂੰ ਮਿਲਦੀ ਹੈ। ਅੱਖਾਂ ਅਤੇ ਪੈਰਾਂ ਦੇ ਆਲੇ-ਦੁਆਲੇ ਸੂਜਨ ਆ ਜਾਂਦੀ ਹੈ।ਬਲੱਡ-ਪ੍ਰੈਸ਼ਰ ਕਾਫੀ ਜ਼ਿਆਦਾ ਹੋ ਜਾਂਦਾ ਹੈ।
* ਕਿਡਨੀ ਰੋਗਾਂ ਦੇ ਆਮ ਕਾਰਨ ਡਾਇਬਟੀਜ਼, ਹਾਈ ਬਲੱਡ-ਪ੍ਰੈਸ਼ਰ ਰਹਿਣਾ, ਪਾਣੀ ਘੱਟ ਪੀਣ ਦੀ ਆਦਤ, ਜ਼ਿਆਦਾ ਜੰਕ ਫੂਡ ਅਤੇ ਨਮਕ ਦੀ ਵੱਧ ਵਰਤੋਂ ਅਤੇ ਪੇਨ-ਕਿਲਰ ਦਵਾਈਆਂ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ।



Dr. Anil Dheer
Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia"

**ਜ਼ਰੂਰੀ ਹੈ ਕਿਡਨੀ ਦੀ ਦੇਖਭਾਲ:**

* ਡੇਲੀ ਵੱਧ ਤੋਂ ਵੱਧ ਯਾਨਿ 8-10 ਗਲਾਸ ਪਾਣੀ ਪੀਣ ਦੀ ਆਦਤ ਪਾ ਲੈਣੀ ਚਾਹੀਦੀ ਹੈ। ਕਿਉਂਕਿ ਸਰੀਰ ਨੂੰ ਹਾਈਡ੍ਰੇਟ ਰੱਖਣਾ ਬਹੁਤ ਜਰੂਰੀ ਹੈ।
* ਫ੍ਰੋਜ਼ਨ ਫੂਡ ਦੀ ਥਾਂ ਤਾਜ਼ੇ ਫੱਲ-ਸਬਜ਼ੀਆਂ ਦੀ ਵਰਤੋਂ ਕਰੋ।
* ਨਮਕ ਰੂਟੀਨ 'ਚ ਘੱਟ ਖਾਓ।
* ਤੰਦਰੁਸਤ ਵਿਅਕਤੀ ਨੂੰ ਵੀ ਆਪਣੇ ਬਲੱਡ-ਟੈਸਟ ਅਤੇ ਪਿਸ਼ਾਬ ਦੀ ਜਾਂਚ ਸਮੇਂ-ਸਮੇਂ ਤੇ ਕਰਾਉਣੀ ਚਾਹੀਦੀ ਹੈ। ਇਸ ਨਾਲ ਸਰੀਰ ਅਤੇ ਮਨ ਦੀ ਕੋਈ ਵੀ ਗੜਬੜ ਸਾਹਮਣੇ ਆ ਜਾਂਦੀ ਹੈ।
* ਡੇਲੀ ਯੋਗਾ, ਮੇਡੀਟੇਸ਼ਨ ਅਤੇ ਵਰਕਆਉਟ ਹੈਲਦੀ 'ਤੇ ਰੋਗੀ ਦੋਨਾਂ ਲਈ ਜ਼ਰੂਰੀ ਹੈ।
* ਹੈਲਦੀ ਖੁਰਾਕ, ਕਸਰਤ, ਸੈਰ, ਅਤੇ ਦਵਾਈ ਨਾਲ ਡਾਇਬਟੀਜ਼ 'ਤੇ ਹਾਈ ਬਲੱਡ-ਪ੍ਰੈਸ਼ਰ ਨੂੰ ਹਮੇਸ਼ਾ ਕੰਟ੍ਰੋਲ 'ਚ ਰੱਖੋ।
* ਲੰਬੀ ਹੈਲਦੀ ਜ਼ਿੰਦਗੀ ਜਓਿਣ ਲਈ ਹਰ ਕਿਸਮ ਦੇ ਨਸ਼ੇ ਤੋਂ ਦੂਰ ਰਹਿਣ ਦੀ ਲੋੜ ਹੋ ਗਈ ਹੈ।
* ਗਰਮ ਮੌਸਮ 'ਚ ਨਾਰੀਅਲ ਪਾਣੀ ਅਤੇ ਨਿੰਬੂ-ਪਾਣੀ ਜ਼ਿਆਦਾ ਪੀਓ।
* ਸਲਾਦ 'ਚ ਖੀਰਾ, ਕੱਕੜੀ, ਕੱਚਾ ਆਂਵਲਾ, ਹਰਾ ਧਨੀਆ ਸ਼ਾਮਿਲ ਕਰ ਸਕਦੇ ਹੋ। ਗਰਮ ਮੌਸਮ 'ਚ ਤਰਬੂਜ਼, ਪਪੀਤਾ, ਜ਼ਿਆਦਾ ਖਾਓ।

ਨੋਟ: ਸ਼ੁਰੂ 'ਚ ਕਿਡਨੀ ਦੇ ਰੋਗਾਂ ਦਾ ਪਤਾ ਨਹੀਂ ਲੱਗਦਾ। ਸਮੇਂ-ਸਮੇਂ 'ਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਟੈਟਸ ਕਰਾਉਂਦੇ ਰਹੋ। ਖਾਣ-ਪੀਣ ਦਾ, ਵਰਕਆਉਟ ਦਾ ਖਾਸ ਖਿਆਲ ਰੱਖਣ ਦੀ ਲੋੜ ਹੋ ਗਈ ਹੈ। ਆਪਣੇ ਆਪ ਕੋਈ ਵੀ ਖੁਰਾਕ, ਦਵਾਈ ਨਾ ਸ਼ੁਰੂ ਕਰੋ ਅਤੇ ਨਾ ਹੀ ਬੰਦ ਕਰੋ। ਸਾਵਧਾਨੀ ਦੀ ਲੋੜ ਹੈ।














# ਰਾਸ਼ੀਫਲ

### ਮੇਖ ਰਾਸ਼ੀ

**ਲਗਨੇਸ਼ ਦਾ ਆਪਣੀ ਰਾਸ਼ੀ ਵਿੱਚ ਬਲ:** 11 ਮਈ ਨੂੰ ਮੰਗਲ ਦਾ ਤੁਹਾਡੀ ਜਨਮ ਰਾਸ਼ੀ ਵਿੱਚ ਆਉਣਾ ਇੱਕ ਸ਼ਾਨਦਾਰ ਬਦਲਾਅ ਹੈ। ਪਿਛਲੇ ਮਹੀਨੇ ਦੀ ਮਾਨਸਿਕ ਨਿਰਾਸ਼ਾ ਦੂਰ ਹੋਵੇਗੀ ਅਤੇ ਤੁਹਾਡੇ ਵਿੱਚ ਨਵਾਂ ਉਤਸ਼ਾਹ, ਫੈਸਲੇ ਲੈਣ ਦੀ ਹਿੰਮਤ ਪੈਦਾ ਹੋਵੇਗੀ।

**ਆਰਥਿਕ ਤਰੱਕੀ:** 15 ਮਈ ਤੋਂ ਬਾਅਦ ਸੂਰਜ ਅਤੇ ਬੁੱਧ ਦਾ ਧਨ ਸਥਾਨ (ਬ੍ਰਿਖ ਰਾਸ਼ੀ) ਵਿੱਚ ਪ੍ਰਵੇਸ਼ ਕਰਨਾ ਤੁਹਾਡੇ ਬੈਂਕ ਬੈਲੇਂਸ ਨੂੰ ਵਧਾਏਗਾ। ਪੁਰਾਣੇ ਬਕਾਏ ਵਸੂਲ ਹੋਣਗੇ।

**ਮਾਨਸਿਕ ਕੰਟਰੋਲ ਜ਼ਰੂਰੀ:** ਲਗਨ ਵਿੱਚ ਮੰਗਲ ਅਪਾਰ ਊਰਜਾ ਦੇਣ ਦੇ ਬਾਵਜੂਦ, ਬਹੁਤ ਜ਼ਿਆਦਾ ਗੁੱਸਾ ਅਤੇ ਜ਼ਿੱਦ ਵੀ ਦਿੰਦਾ ਹੈ। ਜੇਕਰ ਤੁਸੀਂ ਦੂਜੇ ਘਰ ਵਿੱਚ ਸੂਰਜ ਕਾਰਨ ਹੋਣ ਵਾਲੇ ਬੋਲ-ਬਾਣੀ ਦੇ ਵਿਵਾਦਾਂ ਤੋਂ ਬਚਦੇ ਹੋ, ਤਾਂ ਇਹ ਸਫਲਤਾਵਾਂ ਦਾ ਮਹੀਨਾ ਹੋਵੇਗਾ।

### ਬ੍ਰਿਖ ਰਾਸ਼ੀ

**ਸ਼ਾਨਦਾਰ ਧਨ ਯੋਗ:** 14 ਮਈ ਤੋਂ ਬਾਅਦ ਲਗਨੇਸ਼ ਸ਼ੁੱਕਰ ਦਾ ਦੂਜੇ ਘਰ ਵਿੱਚ (ਧਨ ਸਥਾਨ) ਲਾਭ ਦੇ ਮਾਲਕ ਗੁਰੂ ਨਾਲ ਮਿਲਣਾ ਤੁਹਾਡੀ ਆਰਥਿਕ ਸਥਿਤੀ ਨੂੰ ਉੱਚਾਈਆਂ 'ਤੇ ਪਹੁੰਚਾਏਗਾ।

**ਖਰਚੇ, ਯਾਤਰਾਵਾਂ:** 11 ਮਈ ਨੂੰ ਖਰਚੇ ਵਾਲੇ ਸਥਾਨ (12ਵਾਂ ਘਰ) ਵਿੱਚ ਆਪਣੀ ਰਾਸ਼ੀ ਦੇ ਮੰਗਲ ਦਾ ਸੰਚਾਰ ਵਿਦੇਸ਼ੀ ਯਾਤਰਾਵਾਂ ਅਤੇ ਦੂਰ ਦੇ ਸਬੰਧਾਂ ਲਈ ਅਨੁਕੂਲ ਹੈ। ਪਰ ਬੇਲੋੜੇ ਖਰਚੇ, ਨੀਂਦ ਦੀ ਕਮੀ ਹੋਵੇਗੀ।

**ਆਤਮ-ਵਿਸ਼ਵਾਸ ਅਤੇ ਅਗਵਾਈ:** 15 ਮਈ ਤੋਂ ਜਨਮ ਰਾਸ਼ੀ ਵਿੱਚ ਸੂਰਜ-ਬੁੱਧ ਦਾ ਸੰਯੋਗ ਤੁਹਾਡੀ ਗੱਲ ਨੂੰ ਪੱਥਰ 'ਤੇ ਲਕੀਰ ਬਣਾ ਦੇਵੇਗਾ। ਤੁਹਾਡੀ ਬੁੱਧੀ ਚਮਕੇਗੀ, ਪਰ ਤੁਹਾਨੂੰ ਆਪਣੇ ਗੁੱਸੇ 'ਤੇ ਕਾਬੂ ਰੱਖਣਾ ਪਵੇਗਾ।

### ਮਿਥੁਨ ਰਾਸ਼ੀ

**ਲਗਨ ਵਿੱਚ ਸ਼ਾਨਦਾਰ ਯੋਗ:** 14 ਮਈ ਨੂੰ ਸ਼ੁੱਕਰ ਦਾ ਤੁਹਾਡੀ ਜਨਮ ਰਾਸ਼ੀ ਵਿੱਚ ਪ੍ਰਵੇਸ਼ ਕਰਨਾ ਅਤੇ ਗੁਰੂ ਨਾਲ ਮਿਲਣਾ ਤੁਹਾਡੀ ਨਿੱਜੀ ਖਿੱਚ ਅਤੇ ਸਾਖ ਨੂੰ ਬਹੁਤ ਵਧਾਏਗਾ। ਸਾਰਿਆਂ ਦੀਆਂ ਨਜ਼ਰਾਂ ਤੁਹਾਡੇ 'ਤੇ ਹੀ ਹੋਣਗੀਆਂ।



**ਆਰਥਿਕ ਵਰਦਾਨ:** 11 ਮਈ ਨੂੰ ਲਾਭ ਦਾ ਮਾਲਕ ਮੰਗਲ ਲਾਭ ਸਥਾਨ (11ਵੇਂ ਘਰ) ਵਿੱਚ ਹੀ ਆਪਣੀ ਰਾਸ਼ੀ ਵਿੱਚ ਮਜ਼ਬੂਤ ਹੋਣ ਕਾਰਨ ਤੁਸੀਂ ਉਮੀਦ ਤੋਂ ਵੱਧ ਵਿੱਤੀ ਲਾਭ ਪ੍ਰਾਪਤ ਕਰੋਗੇ। ਇੱਛਾਵਾਂ ਪੂਰੀਆਂ ਹੋਣਗੀਆਂ।

**ਦੂਜੇ ਅੱਧ ਵਿੱਚ ਯਾਤਰਾਵਾਂ, ਖਰਚੇ:** 15 ਮਈ ਤੋਂ ਲਗਨੇਸ਼ ਬੁੱਧ ਅਤੇ ਸੂਰਜ ਦਾ 12ਵੇਂ ਘਰ (ਖਰਚੇ ਦਾ ਸਥਾਨ) ਵਿੱਚ ਜਾਣਾ ਵਿਦੇਸ਼ੀ ਮਾਮਲਿਆਂ ਲਈ ਲਾਭਦਾਇਕ ਹੋਵੇਗਾ, ਪਰ ਕੰਮ ਵਿੱਚ ਥੋੜ੍ਹੀ ਥਕਾਵਟ ਅਤੇ ਯਾਤਰਾਵਾਂ ਕਾਰਨ ਖਰਚੇ ਹੋਣਗੇ।

### ਕਰਕ ਰਾਸ਼ੀ

**ਕਰੀਅਰ ਵਿੱਚ ਸ਼ਾਨਦਾਰ ਤਰੱਕੀ:** 11 ਮਈ ਨੂੰ ਮੰਗਲ ਦਾ ਦਸਵੇਂ ਘਰ (10ਵਾਂ ਘਰ) ਵਿੱਚ ਪ੍ਰਵੇਸ਼ ਕਰਕੇ ਸ਼ਾਨਦਾਰ 'ਰੁਚਕ ਯੋਗ' ਅਤੇ ਦਿਗਬਲ ਦੇਣਾ, ਦਫ਼ਤਰ ਵਿੱਚ ਤੁਹਾਡਾ ਦਬਦਬਾ ਬਣਾਏਗਾ। ਤੁਹਾਡੇ ਸਾਹਮਣੇ ਕੋਈ ਨਹੀਂ ਟਿਕ ਸਕੇਗਾ।

**ਆਰਥਿਕ ਵਰਦਾਨ:** 15 ਮਈ ਤੋਂ ਲਾਭ ਸਥਾਨ (11ਵੇਂ ਘਰ) ਵਿੱਚ ਸੂਰਜ-ਬੁੱਧ ਦਾ ਪ੍ਰਵੇਸ਼ ਵਿੱਤੀ ਤੌਰ 'ਤੇ ਵਿਸ਼ੇਸ਼ ਲਾਭ ਲਿਆਵੇਗਾ। ਪੁਰਾਣੇ ਬਕਾਏ ਵਸੂਲ ਹੋਣਗੇ।

**ਐਸ਼ੋ-ਆਰਾਮ 'ਤੇ ਖਰਚ:** 14 ਮਈ ਨੂੰ ਸ਼ੁੱਕਰ ਦਾ 12ਵੇਂ ਘਰ (ਖਰਚੇ ਦਾ ਸਥਾਨ) ਵਿੱਚ ਗੁਰੂ ਨਾਲ ਮਿਲਣਾ ਤੁਹਾਨੂੰ ਯਾਤਰਾਵਾਂ, ਘਰ ਦੀ ਸਜਾਵਟ ਅਤੇ ਨਿੱਜੀ ਐਸ਼ੋ-ਆਰਾਮ 'ਤੇ ਖੁਸ਼ੀ ਨਾਲ ਖਰਚ ਕਰਨ ਲਈ ਪ੍ਰੇਰਿਤ ਕਰੇਗਾ।

### ਸਿੰਘ ਰਾਸ਼ੀ

**ਅੱਠਵੇਂ ਘਰ ਦੇ ਦੋਸ਼ ਤੋਂ ਰਾਹਤ:** 11 ਮਈ ਨੂੰ ਯੋਗਕਾਰਕ ਮੰਗਲ 8ਵਾਂ ਘਰ ਛੱਡ ਕੇ 9ਵੇਂ ਘਰ (ਭਾਗ ਸਥਾਨ) ਵਿੱਚ ਪ੍ਰਵੇਸ਼ ਕਰੇਗਾ, ਜਿਸ ਨਾਲ ਪਿਛਲੀਆਂ ਰੁਕਾਵਟਾਂ ਅਤੇ ਸਿਹਤ ਸਮੱਸਿਆਵਾਂ ਦੂਰ ਹੋਣਗੀਆਂ। ਕਿਸਮਤ ਸਾਥ ਦੇਵੇਗੀ।

**ਕਰੀਅਰ ਵਿੱਚ ਸਿਖਰ:** 15 ਮਈ ਤੋਂ ਲਗਨੇਸ਼ ਸੂਰਜ ਕਰਮ ਸਥਾਨ (10ਵਾਂ ਘਰ) ਬ੍ਰਿਖ ਰਾਸ਼ੀ ਵਿੱਚ ਪ੍ਰਵੇਸ਼ ਕਰਨ ਕਾਰਨ ਤੁਹਾਡੇ ਲੀਡਰਸ਼ਿਪ ਗੁਣਾਂ ਵਿੱਚ ਵਾਧਾ ਹੋਵੇਗਾ। ਦਫ਼ਤਰ ਵਿੱਚ ਬੇਮਿਸਾਲ ਅਧਿਕਾਰ ਮਿਲੇਗਾ।

**ਆਰਥਿਕ ਲਾਭ:** ਲਾਭ ਸਥਾਨ (11ਵਾਂ ਘਰ) ਵਿੱਚ ਗੁਰੂ ਅਤੇ ਸ਼ੁੱਕਰ ਦਾ ਸੰਯੋਗ ਵਪਾਰ ਅਤੇ ਆਰਥਿਕ ਖੇਤਰਾਂ ਵਿੱਚ ਸ਼ਾਨਦਾਰ ਲਾਭ ਅਤੇ ਇੱਛਾਵਾਂ ਦੀ ਪੂਰਤੀ ਦੇਵੇਗਾ।

### ਕੰਨਿਆ ਰਾਸ਼ੀ

**ਕਰੀਅਰ ਵਿੱਚ ਸ਼ਾਨਦਾਰ ਤਰੱਕੀ:** 14 ਮਈ ਨੂੰ ਕਰਮ ਸਥਾਨ (10ਵੇਂ ਘਰ) ਵਿੱਚ ਸ਼ੁੱਕਰ-ਗੁਰੂ ਦੇ ਸੰਯੋਗ ਕਾਰਨ ਪੇਸ਼ੇਵਰ ਜੀਵਨ ਵਿੱਚ ਤੁਹਾਨੂੰ ਬੇਮਿਸਾਲ ਸਨਮਾਨ ਅਤੇ ਉੱਚ ਅਹੁਦੇ ਮਿਲਣਗੇ।

**ਅੱਠਵੇਂ ਘਰ ਦੇ ਮੰਗਲ ਤੋਂ ਸਾਵਧਾਨ:** 11 ਮਈ ਨੂੰ ਆਪਣੀ ਰਾਸ਼ੀ ਦਾ ਮੰਗਲ ਅੱਠਵੇਂ ਘਰ ਵਿੱਚ ਪ੍ਰਵੇਸ਼ ਕਰਨ ਕਾਰਨ ਵਾਹਨ ਹਾਦਸੇ, ਸਰਜਰੀ ਜਾਂ ਬਿਨਾਂ ਕਾਰਨ ਗੁੱਸਾ ਆ ਸਕਦਾ ਹੈ। ਸਬਰ ਰੱਖਣਾ ਜੀਵਨ ਰੱਖਿਅਕ ਸਾਬਤ ਹੋਵੇਗਾ।

**ਕਿਸਮਤ ਦਾ ਸਾਥ:** 15 ਮਈ ਤੋਂ ਭਾਗ ਸਥਾਨ (9ਵੇਂ ਘਰ) ਵਿੱਚ ਸੂਰਜ-ਬੁੱਧ ਦੇ ਸੰਚਾਰ ਕਾਰਨ ਕਿਸਮਤ ਤੁਹਾਡੇ ਨਾਲ ਹੋਵੇਗੀ। ਤੀਰਥ ਯਾਤਰਾਵਾਂ ਅਤੇ ਲੰਬੀ ਦੂਰੀ ਦੀਆਂ ਯਾਤਰਾਵਾਂ ਸਫਲ ਹੋਣਗੀਆਂ।

### ਤੁਲਾ ਰਾਸ਼ੀ

**ਅਦਭੁਤ ਕਿਸਮਤ ਅਤੇ ਰੱਬੀ ਮਿਹਰ:** 14 ਮਈ ਨੂੰ ਤੁਹਾਡੇ ਰਾਸ਼ੀ ਦਾ ਮਾਲਕ ਸ਼ੁੱਕਰ ਭਾਗ ਸਥਾਨ (9ਵਾਂ ਘਰ) ਵਿੱਚ ਜਾਣ ਕਾਰਨ ਤੁਹਾਡੇ ਵਿਚਾਰ ਉੱਚੇ ਰਹਿਣਗੇ। ਕੰਮਾਂ ਵਿੱਚ ਕਿਸਮਤ ਸਾਥ ਦੇਵੇਗੀ ਅਤੇ ਆਸਾਨੀ ਨਾਲ ਸਫਲਤਾ ਪ੍ਰਾਪਤ ਕਰੋਗੇ।

**ਵਪਾਰ ਵਿੱਚ ਤੇਜ਼ੀ:** 11 ਮਈ ਨੂੰ ਸੱਤਵੇਂ ਘਰ ਦਾ ਮਾਲਕ ਮੰਗਲ ਆਪਣੀ ਰਾਸ਼ੀ 7ਵੇਂ ਘਰ ਵਿੱਚ ਆਉਣਾ ਵਪਾਰੀਆਂ ਨੂੰ ਵੱਡਾ ਮੁਨਾਫਾ ਅਤੇ ਹਿੰਮਤ ਦੇਵੇਗਾ। ਪਰ ਵਿਆਹੁਤਾ ਜੀਵਨ ਵਿੱਚ ਹਉਮੈ (ਓਗੋ) ਨਾ ਆਉਣ ਦਾ ਧਿਆਨ ਰੱਖਣਾ ਪਵੇਗਾ।

**ਅੱਠਵੇਂ ਘਰ ਵਿੱਚ ਬਦਲਾਅ:** 15 ਮਈ ਤੋਂ 8ਵੇਂ ਘਰ ਵਿੱਚ ਸੂਰਜ-ਬੁੱਧ ਦਾ ਸੰਚਾਰ ਅਚਾਨਕ ਧਨ ਲਾਭ ਜਾਂ ਅਣਕਿਆਸੇ ਬਦਲਾਅ ਲਿਆਵੇਗਾ। ਸਿਹਤ ਪੱਖੋਂ ਸਾਵਧਾਨੀ ਦੀ ਲੋੜ ਹੈ।

### ਬ੍ਰਿਸ਼ਚਕ ਰਾਸ਼ੀ

**ਨੌਕਰੀ ਵਿੱਚ ਬੇਮਿਸਾਲ ਦਬਦਬਾ:** 11 ਮਈ ਨੂੰ ਤੁਹਾਡਾ ਲਗਨੇਸ਼ ਮੰਗਲ 6ਵੇਂ ਘਰ (ਮੇਖ) ਵਿੱਚ ਆਪਣੀ ਰਾਸ਼ੀ ਦਾ ਬਲ ਪ੍ਰਾਪਤ ਕਰਨ ਕਾਰਨ ਦਫ਼ਤਰ ਵਿੱਚ ਦੁਸ਼ਮਣਾਂ ਦੀਆਂ ਚਾਲਾਂ ਕੰਮ ਨਹੀਂ ਕਰਨਗੀਆਂ। ਤੁਹਾਡੀ ਪ੍ਰਮੋਸ਼ਨ ਅਤੇ ਕੰਮਾਂ ਵਿੱਚ ਸਫਲਤਾ ਯਕੀਨੀ ਹੈ। ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ।

**ਅਚਾਨਕ ਧਨ ਲਾਭ:** ਅੱਠਵੇਂ ਘਰ (8ਵਾਂ ਘਰ) ਵਿੱਚ ਗੁਰੂ-ਸ਼ੁੱਕਰ ਦੇ ਸੰਯੋਗ ਕਾਰਨ ਪੁਰਾਣੇ ਕਰਜ਼ੇ ਚੁਕਾਉਣ ਦੇ ਨਾਲ-ਨਾਲ ਵਿਰਾਸਤ ਜਾਂ ਭਾਈਵਾਲ ਰਾਹੀਂ ਅਚਾਨਕ ਪੈਸਾ ਮਿਲੇਗਾ।

**ਹਉਮੈ (ਈਗੋ) ਨੂੰ ਕਾਬੂ ਵਿੱਚ ਰੱਖੋ:** 15 ਮਈ ਤੋਂ 7ਵੇਂ ਘਰ ਵਿੱਚ ਸੂਰਜ ਦੇ ਸੰਚਾਰ ਕਾਰਨ ਜੀਵਨ ਸਾਥੀ ਜਾਂ ਵਪਾਰਕ ਭਾਈਵਾਲਾਂ ਨਾਲ ਬੇਲੋੜੇ ਹਉਮੈ ਦੇ ਟਕਰਾਅ ਹੋ ਸਕਦੇ ਹਨ। ਬਹਿਸਾਂ ਤੋਂ ਬਚਣਾ ਬਿਹਤਰ ਰਹੇਗਾ।

### ਧਨੁ ਰਾਸ਼ੀ

**ਸੱਤਵੇਂ ਘਰ ਵਿੱਚ ਰਾਜਯੋਗ:** 14 ਮਈ ਨੂੰ ਲਾਭ ਦਾ ਮਾਲਕ ਸ਼ੁੱਕਰ ਸੱਤਵੇਂ ਘਰ (7ਵਾਂ ਘਰ) ਵਿੱਚ ਗੁਰੂ ਨਾਲ ਮਿਲਣ ਕਾਰਨ ਵਿਆਹ ਦੀਆਂ ਕੋਸ਼ਿਸ਼ਾਂ ਸਫਲ ਹੋਣਗੀਆਂ। ਵਪਾਰੀਆਂ ਲਈ ਇਹ ਸੁਨਹਿਰੀ ਸਮਾਂ ਹੈ, ਨਾਮ ਅਤੇ ਪ੍ਰਸਿੱਧੀ ਵਧੇਗੀ।

**ਨੌਕਰੀ ਵਿੱਚ ਸ਼ਾਨਦਾਰ ਜਿੱਤ:** 15 ਮਈ ਤੋਂ ਭਾਗ ਦਾ ਮਾਲਕ ਸੂਰਜ 6ਵੇਂ ਘਰ ਵਿੱਚ ਸੰਚਾਰ ਕਰਨ ਕਾਰਨ ਦਫ਼ਤਰ ਵਿੱਚ ਤੁਹਾਡੇ ਦੁਸ਼ਮਣ ਨਸ਼ਟ ਹੋ ਜਾਣਗੇ। ਤੁਹਾਨੂੰ ਪ੍ਰਮੋਸ਼ਨ ਅਤੇ ਅਧਿਕਾਰੀਆਂ ਦਾ ਸਮਰਥਨ ਜ਼ਰੂਰ ਮਿਲੇਗਾ।

**ਘਰ ਵਿੱਚ ਰਾਹਤ:** 11 ਮਈ ਨੂੰ ਮੰਗਲ ਦੇ 4ਥੇ ਘਰ (ਸੁੱਖ ਸਥਾਨ) ਨੂੰ ਛੱਡ ਕੇ 5ਵੇਂ ਘਰ ਵਿੱਚ ਜਾਣ ਨਾਲ, ਉਦੋਂ ਤੱਕ ਘਰ ਵਿੱਚ ਚੱਲ ਰਹੀਆਂ ਬਹਿਸਾਂ, ਜਾਇਦਾਦ ਦੇ ਵਿਵਾਦ, ਵਾਹਨ ਦੀ ਮੁਰੰਮਤ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ।

### ਮਕਰ ਰਾਸ਼ੀ

**ਜਾਇਦਾਦ, ਵਾਹਨ ਲਾਭ:** 11 ਮਈ ਨੂੰ ਚੌਥੇ ਘਰ ਦਾ ਮਾਲਕ ਮੰਗਲ ਆਪਣੀ ਰਾਸ਼ੀ ਮੇਖ (4ਥੇ ਘਰ) ਵਿੱਚ ਪ੍ਰਵੇਸ਼ ਕਰਨ ਕਾਰਨ ਰੀਅਲ ਅਸਟੇਟ ਦੇ ਮਾਮਲਿਆਂ, ਨਵੇਂ ਘਰ ਜਾਂ ਵਾਹਨ ਖਰੀਦਣ ਲਈ ਅਨੁਕੂਲ ਸਮਾਂ ਹੈ।

**ਨੌਕਰੀ ਵਿੱਚ ਕੰਮ ਦਾ ਬੋਝ:** 14 ਮਈ ਤੋਂ ਯੋਗਕਾਰਕ ਸ਼ੁੱਕਰ ਦੇ 6ਵੇਂ ਘਰ (ਸੇਵਾ ਸਥਾਨ) ਵਿੱਚ ਸੰਚਾਰ ਕਰਨ ਕਾਰਨ ਦਫ਼ਤਰ ਵਿੱਚ ਜ਼ਿੰਮੇਵਾਰੀਆਂ ਵਧਣਗੀਆਂ। ਪ੍ਰਤੀਯੋਗੀਆਂ (Competitors) ਦਾ ਸਫਲਤਾਪੂਰਵਕ ਸਾਹਮਣਾ ਕਰੋਗੇ।

**ਪਰਿਵਾਰ ਵਿੱਚ ਸਬਰ:** 4ਥੇ ਘਰ ਵਿੱਚ ਮੰਗਲ ਦੇ ਉਗਰ ਰੂਪ, 2ਜੇ ਘਰ ਵਿੱਚ ਰਾਹੂ ਦੇ ਸੰਚਾਰ ਕਾਰਨ ਬੋਲ-ਬਾਣੀ ਵਿੱਚ ਕਠੋਰਤਾ ਆਵੇਗੀ, ਪਰਿਵਾਰਕ ਮੈਂਬਰਾਂ ਨਾਲ (ਖਾਸ ਕਰਕੇ ਮਾਤਾ ਜੀ ਨਾਲ) ਛੋਟੀਆਂ ਬਹਿਸਾਂ ਹੋ ਸਕਦੀਆਂ ਹਨ। ਗੁੱਸੇ 'ਤੇ ਕਾਬੂ ਰੱਖਣਾ ਪਵੇਗਾ।

### ਕੁੰਭ ਰਾਸ਼ੀ

**ਅਪਾਰ ਪਰਾਕਰਮ:** 11 ਮਈ ਨੂੰ ਕਰਮ ਦਾ ਮਾਲਕ ਮੰਗਲ ਤੀਜੇ ਸਥਾਨ ਵਿੱਚ (3ਜਾ ਘਰ – ਮੇਖ) ਆਪਣੀ ਰਾਸ਼ੀ ਦਾ ਬਲ ਪ੍ਰਾਪਤ ਕਰਨ ਕਾਰਨ ਤੁਹਾਡਾ ਆਤਮ-ਵਿਸ਼ਵਾਸ ਅਤੇ ਹਿੰਮਤ ਦੁੱਗਣੀ ਹੋ ਜਾਵੇਗੀ। ਪੇਸ਼ੇ ਵਿੱਚ ਜੋ ਚਾਹੋਗੇ ਉਹ ਹਾਸਲ ਕਰੋਗੇ।

**ਪੰਜਵੇਂ ਘਰ ਵਿੱਚ ਅਦਭੁਤ ਯੋਗ:** 14 ਮਈ ਨੂੰ ਯੋਗਕਾਰਕ ਸ਼ੁੱਕਰ 5ਵੇਂ ਘਰ ਵਿੱਚ ਗੁਰੂ ਨਾਲ ਮਿਲਣ ਕਾਰਨ ਕਲਾਕਾਰਾਂ, ਵਿਦਿਆਰਥੀਆਂ, ਅਤੇ ਪ੍ਰੇਮ ਜੀਵਨ ਲਈ ਇਹ ਸੁਨਹਿਰੀ ਸਮਾਂ ਹੈ। ਲਾਭ ਭਰਪੂਰ ਰਹਿਣਗੇ।

**ਘਰ ਵਿੱਚ ਦਬਦਬੇ ਦੀ ਲੜਾਈ:** 15 ਮਈ ਤੋਂ ਚੌਥੇ ਸਥਾਨ (4ਥੇ ਘਰ) ਵਿੱਚ ਸੂਰਜ ਦੇ ਸੰਚਾਰ ਕਾਰਨ ਘਰ ਦਾ ਮਾਹੌਲ ਥੋੜ੍ਹਾ ਗਰਮ ਰਹੇਗਾ। ਜਾਇਦਾਦ ਜਾਂ ਘਰ ਨਾਲ ਸਬੰਧਤ ਮਾਮਲਿਆਂ ਵਿੱਚ ਹੰਕਾਰ ਤੋਂ ਬਚਣਾ ਚਾਹੀਦਾ ਹੈ।

### ਮੀਨ ਰਾਸ਼ੀ

**ਆਰਥਿਕ ਵਾਧਾ, ਬੋਲ-ਬਾਣੀ 'ਤੇ ਕੰਟਰੋਲ:** 11 ਮਈ ਨੂੰ ਦੂਜੇ ਘਰ ਵਿੱਚ ਮੰਗਲ ਦਾ ਆਪਣੀ ਰਾਸ਼ੀ ਦਾ ਬਲ ਪ੍ਰਾਪਤ ਕਰਨ ਨਾਲ ਆਰਥਿਕ ਸਥਿਤੀ ਵਿੱਚ ਸ਼ਾਨਦਾਰ ਸੁਧਾਰ ਹੋਵੇਗਾ। ਪਰ, ਜੇਕਰ ਬਹਿਸ ਵਿੱਚ ਪੈਂਦੇ ਹੋ ਤਾਂ ਰਿਸ਼ਤੇ ਖਰਾਬ ਹੋ ਸਕਦੇ ਹਨ, ਆਪਣੀ ਬੋਲ-ਬਾਣੀ ਨੂੰ ਕੰਟਰੋਲ ਵਿੱਚ ਰੱਖਣਾ ਚਾਹੀਦਾ ਹੈ।

**ਦੁਸ਼ਮਣਾਂ 'ਤੇ ਜਿੱਤ, ਹਿੰਮਤ:** 15 ਮਈ ਤੋਂ ਸੂਰਜ ਦਾ ਤੀਜੇ ਘਰ ਵਿੱਚ ਸੰਚਾਰ ਕਰਨ ਨਾਲ ਤੁਹਾਡਾ ਆਤਮ-ਵਿਸ਼ਵਾਸ ਦੁੱਗਣਾ ਹੋਵੇਗਾ। ਕੰਮਾਂ ਵਿੱਚ ਆ ਰਹੀਆਂ ਰੁਕਾਵਟਾਂ ਦੂਰ ਹੋਣਗੀਆਂ, ਅਤੇ ਕੰਮ ਪੂਰੇ ਹੋਣਗੇ।

**ਘਰੇਲੂ ਸੁੱਖ:** 14 ਮਈ ਨੂੰ ਸ਼ੁੱਕਰ ਦਾ 4ਥੇ ਘਰ ਵਿੱਚ ਗੁਰੂ ਨਾਲ ਮਿਲਣਾ ਘਰ ਵਿੱਚ ਸ਼ਾਂਤੀ ਲਿਆਵੇਗਾ। ਨਵੀਆਂ ਚੀਜ਼ਾਂ, ਸਹੂਲਤਾਂ ਲਈ ਖੁਸ਼ੀ-ਖੁਸ਼ੀ ਖਰਚ ਕਰੋਗੇ।

# ਫੋਨ ਬਣਿਆ ਟਰੱਕਰ ਦੀ ਲਾਈਫਲਾਈਨ

## ਪਰ ਐਕਸੀਡੈਂਟ ਦਾ ਵੱਡਾ ਕਾਰਨ ਵੀ



**ਲੇਖਕ-ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ"**

ਅਮਰੀਕਾ ਵਿੱਚ ਪੰਜਾਬੀ ਟਰੱਕਿੰਗ ਇੰਡਸਟਰੀ ਦਾ ਇਤਿਹਾਸ ਵੇਖਿਆ ਜਾਵੇ ਤਾਂ 1990 ਦੇ ਦਹਾਕੇ ਤੋਂ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਦੇ ਲੋਕ ਇਸ ਖੇਤਰ ਨਾਲ ਜੁੜਣ ਲੱਗ ਪਏ। ਉਸ ਸਮੇਂ ਦੀ ਟਰੱਕਿੰਗ ਜ਼ਿੰਦਗੀ ਅੱਜ ਨਾਲੋਂ ਕਾਫ਼ੀ ਵੱਖਰੀ ਤੇ ਮੁਸ਼ਕਲ ਸੀ। ਨਾ ਟਰੱਕਾਂ ਵਿੱਚ GPS ਹੁੰਦਾ ਸੀ, ਨਾ ਸਮਾਰਟਫੋਨ, ਨਾ ਇੰਟਰਨੈਟ ਤੇ ਨਾ ਹੀ ਟਰੱਕ ਆਟੋ ਹੁੰਦੇ ਸਨ। ਟਰੱਕਰ ਆਪਣੀ ਗੱਲਬਾਤ ਲਈ ਮੁੱਖ ਤੌਰ 'ਤੇ CB ਰੇਡੀਓ ਦਾ ਸਹਾਰਾ ਲੈਂਦੇ ਸਨ। ਮਨੋਰੰਜਨ ਲਈ ਟੇਪ ਰਿਕਾਰਡਰ ਹੁੰਦਾ ਸੀ, ਜੋ ਲੰਮੇ ਸਫ਼ਰਾਂ ਵਿੱਚ ਸਾਥ ਦਿੰਦਾ ਸੀ। ਉਸ ਵੇਲੇ ਜੇ ਡਰੈਕਸ਼ਨ ਦੀ ਲੋੜ ਪੈਂਦੀ ਸੀ ਤਾਂ ਪੇਅ ਫੋਨ ਜਾਂ ਮੈਪਾਂ 'ਤੇ ਨਿਰਭਰ ਕਰਨਾ ਪੈਂਦਾ ਸੀ। ਕਈ ਵਾਰ ਟਰੱਕਰਾਂ ਨੂੰ ਅਜਿਹੀਆਂ ਥਾਵਾਂ 'ਤੇ ਰੁਕਣਾ ਪੈਂਦਾ ਸੀ ਜਿੱਥੇ ਸਿਰਫ਼ ਇੱਕ ਫੋਨ ਬੂਥ ਹੀ ਬਾਹਰੀ ਦੁਨੀਆ ਨਾਲ ਸੰਪਰਕ ਦਾ ਸਾਧਨ ਹੁੰਦਾ ਸੀ। ਪੇਜਰ ਵਧ ਤੋਂ ਵਧ ਸਹੂਲਤ ਸੀ, ਪਰ ਤੁਰੰਤ ਗੱਲਬਾਤ ਕਰਨਾ ਆਸਾਨ ਨਹੀਂ ਸੀ। ਇਕੱਲਤਾ ਉਸ ਸਮੇਂ ਟਰੱਕਰ ਦੀ ਸਭ ਤੋਂ ਵੱਡੀ ਚੁਣੌਤੀ ਸੀ।

ਜਦੋਂ ਪਹਿਲੀ ਵਾਰ ਸੈੱਲਫੋਨ ਆਏ, ਉਹ ਬਹੁਤ ਮਹਿੰਗੇ ਤੇ ਸੀਮਤ ਵਰਤੋਂ ਵਾਲੇ ਸਨ। ਹੌਲੀ-ਹੌਲੀ ਟੈਕਨਾਲੋਜੀ ਦੇ ਵਿਕਾਸ ਨਾਲ ਮੁਕਾਬਲਾ ਵਧਿਆ ਅਤੇ ਮੋਬਾਈਲ ਫੋਨ ਆਮ ਲੋਕਾਂ ਦੀ ਪਹੁੰਚ ਵਿੱਚ ਆ ਗਏ। ਫਿਰ ਇੰਟਰਨੈਟ ਨੇ ਪੂਰੀ ਦੁਨੀਆ ਨੂੰ ਹੱਥ ਦੀ ਉਂਗਲ 'ਤੇ ਲਿਆ ਦਿੱਤਾ। ਅੱਜ ਦੇ ਸਮੇਂ ਵਿੱਚ ਸਮਾਰਟਫੋਨ ਟਰੱਕਰ ਲਈ ਇਕ ਲਾਜ਼ਮੀ ਸਾਧਨ ਬਣ ਚੁੱਕਾ ਹੈ।

ਆਧੁਨਿਕ ਟਰੱਕਿੰਗ ਵਿੱਚ ਫੋਨ ਇੱਕ "ਲਾਈਫਲਾਈਨ" ਦੀ ਭੂਮਿਕਾ ਨਿਭਾ ਰਿਹਾ ਹੈ। ਡਰਾਈਵਰ ਆਪਣੇ ਪਰਿਵਾਰ, ਦੋਸਤਾਂ ਅਤੇ ਡਿਸਪੈਚ ਨਾਲ ਹਰ ਵੇਲੇ ਜੁੜਿਆ ਰਹਿੰਦਾ ਹੈ। GPS ਨਾਲ ਰਸਤੇ ਲੱਭਣੇ ਬਹੁਤ ਆਸਾਨ ਹੋ ਗਏ ਹਨ। ਜੇ ਕਿਤੇ ਟਰੱਕ ਖਰਾਬ ਹੋ ਜਾਵੇ ਜਾਂ ਐਮਰਜੈਂਸੀ ਆ ਜਾਵੇ ਤਾਂ ਤੁਰੰਤ ਮਦਦ ਲਈ ਸੰਪਰਕ ਕੀਤਾ ਜਾ ਸਕਦਾ ਹੈ, ਜਿਸ ਨਾਲ ਸੁਰੱਖਿਆ ਦਾ ਅਹਿਸਾਸ ਵਧਦਾ ਹੈ।


ਪਰ ਜਿੱਥੇ ਇਹ ਸਹੂਲਤ ਹੈ, ਉੱਥੇ ਖਤਰੇ ਵੀ ਘੱਟ ਨਹੀਂ। ਅੱਜਕੱਲ੍ਹ ਬਹੁਤ ਸਾਰੇ ਡਰਾਈਵਰ ਡਰਾਈਵ ਕਰਦੇ ਸਮੇਂ ਟੈਕਸਟ ਮੈਸੇਜ, ਸੋਸ਼ਲ ਮੀਡੀਆ ਜਾਂ ਵੀਡੀਓ ਦੇਖਣ ਵਿੱਚ ਲੱਗ ਜਾਂਦੇ ਹਨ। YouTube, Facebook ਵਰਗੀਆਂ ਐਪਸ ਮਨੋਰੰਜਨ ਦਾ ਵਧੀਆ ਸਾਧਨ ਹਨ, ਪਰ ਡਰਾਈਵਿੰਗ ਦੌਰਾਨ ਇਹਨਾਂ ਦੀ ਵਰਤੋਂ ਸਿੱਧਾ ਸੇਫਟੀ ਨਾਲ ਸਮਝੌਤਾ ਹੈ।

ਹਾਂ, ਜੇ ਗੱਲ ਸਿਰਫ਼ ਹੈਂਡਸ-ਫਰੀ ਜਾਂ ਹੈਡਸੈਟ ਰਾਹੀਂ ਫੋਨ 'ਤੇ ਗੱਲਬਾਤ ਤੱਕ ਸੀਮਿਤ ਰਹੇ, ਤਾਂ ਇਹ ਇਕੱਲਤਾ ਘਟਾਉਣ ਅਤੇ ਮਨ ਨੂੰ ਤਾਜ਼ਗੀ ਦੇਣ ਲਈ ਫਾਇਦਾਮੰਦ ਹੈ। ਪਰ ਲਾਈਵ ਵੀਡੀਓ ਕਾਲ, ਟੈਕਸਟਿੰਗ ਜਾਂ ਵੀਡੀਓ ਵੇਖਣਾ ਡਰਾਈਵਿੰਗ ਸਮੇਂ ਬਹੁਤ ਖਤਰਨਾਕ ਹੋ ਸਕਦਾ ਹੈ। ਇਹ ਨਾ ਸਿਰਫ਼ ਆਪਣੇ ਲਈ, ਸਗੋਂ ਸੜਕ 'ਤੇ ਹੋਰ ਲੋਕਾਂ ਲਈ ਵੀ ਖਤਰਾ ਬਣ ਜਾਂਦਾ ਹੈ।

ਇਸ ਲਈ ਲੋੜ ਹੈ ਸੰਤੁਲਨ ਦੀ। ਟਰੱਕਰਾਂ ਨੂੰ ਚਾਹੀਦਾ ਹੈ ਕਿ ਫੋਨ ਦੀ ਵਰਤੋਂ ਜ਼ਿੰਮੇਵਾਰੀ ਨਾਲ ਕਰਨ। ਜਦੋਂ ਵੀ ਵੀਡੀਓ ਦੇਖਣੀ ਹੋਵੇ, ਮੈਸੇਜ ਭੇਜਣਾ ਹੋਵੇ ਜਾਂ ਸੋਸ਼ਲ ਮੀਡੀਆ ਵਰਤਣਾ ਹੋਵੇ, ਤਾਂ ਟਰੱਕ ਨੂੰ ਸੁਰੱਖਿਅਤ ਥਾਂ 'ਤੇ ਖੜ੍ਹਾ ਕਰਕੇ ਹੀ ਇਹ ਕੰਮ ਕੀਤੇ ਜਾਣ। ਡਰਾਈਵਿੰਗ ਦੌਰਾਨ ਧਿਆਨ ਸਿਰਫ਼ ਸੜਕ 'ਤੇ ਹੀ ਰਹਿਣਾ ਚਾਹੀਦਾ ਹੈ। ਅਖੀਰ ਵਿੱਚ, ਫੋਨ ਟਰੱਕਰ ਲਈ ਇਕ ਅਨਮੋਲ ਸਾਧਨ ਹੈ—ਇਹ ਸਾਨੂੰ ਆਪਣੇ ਪਿਆਰਿਆਂ ਨਾਲ ਜੋੜਦਾ ਹੈ, ਸਫ਼ਰ ਆਸਾਨ ਬਣਾਉਂਦਾ ਹੈ ਅਤੇ ਐਮਰਜੈਂਸੀ ਵਿੱਚ ਸਹਾਰਾ ਬਣਦਾ ਹੈ। ਪਰ ਇਸ ਦੀ ਗਲਤ ਵਰਤੋਂ ਜ਼ਿੰਦਗੀ ਲਈ ਖਤਰਾ ਵੀ ਬਣ ਸਕਦੀ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਇਸ ਸਹੂਲਤ ਨੂੰ ਸਮਝਦਾਰੀ ਨਾਲ ਵਰਤਦੇ ਹੋਏ ਸੇਫਟੀ ਨੂੰ ਹਮੇਸ਼ਾ ਪਹਿਲ ਦਈਏ। ਫੋਨ ਟਰੱਕਰਾਂ ਲਈ ਇੱਕ ਵੱਡੀ ਸਹੂਲਤ ਹੈ, ਪਰ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ।

> **ਟਰੱਕਰਾਂ ਨੂੰ ਚਾਹੀਦਾ ਹੈ ਕਿ ਫੋਨ ਦੀ ਵਰਤੋਂ ਜ਼ਿੰਮੇਵਾਰੀ ਨਾਲ ਕਰਨ। ਜਦੋਂ ਵੀ ਵੀਡੀਓ ਦੇਖਣੀ ਹੋਵੇ, ਮੈਸੇਜ ਭੇਜਣਾ ਹੋਵੇ ਜਾਂ ਸੋਸ਼ਲ ਮੀਡੀਆ ਵਰਤਣਾ ਹੋਵੇ, ਤਾਂ ਟਰੱਕ ਨੂੰ ਸੁਰੱਖਿਅਤ ਥਾਂ 'ਤੇ ਖੜ੍ਹਾ ਕਰਕੇ ਹੀ ਇਹ ਕੰਮ ਕੀਤੇ ਜਾਣ**

# ਇਕ ਅਜੀਬ ਅਤੇ ਸਚਾ ਸੁਪਨਾ



–ਗੁਰਮੀਤ ਸਿੰਘ


ਜਦੋਂ ਕਿਸੇ ਅਦਾਲਤ ਵਿਚ ਜਜ ਦੇ ਸਾਹਮਣੇ ਕਿਸੇ ਮੁਜਰਿਮ ਜਾਂ ਗਵਾਹ ਦੀ ਪੇਸ਼ੀ ਹੁੰਦੀ ਹੈ ਤਾਂ ਉਸਨੂੰ ਕਟਘਰੇ ਵਿਚ ਖੜ੍ਹਾ ਕਰਕੇ ਕਿਸੇ ਧਾਰਮਿਕ ਪੁਸਤਕ ਜਿਵੇਂ ਗੀਤਾ, ਬਾਈਬਲ ਜਾਂ ਹੋਰ ਕੋਈ ਧਾਰਮਿਕ ਕਿਤਾਬ ਤੇ ਹਥ ਰਖਕੇ ਸੌਂਹ ਖਵਾਈ ਜਾਂਦੀ ਹੈ ਕਿ 'ਮੈਂ ਜੋ ਵੀ ਕਹਾਂਗਾ ਸਚ ਕਹਾਂਗਾ ਅਤੇ ਸਚ ਤੋਂ ਸਿਵਾ ਹੋਰ ਕੁਝ ਨਹੀਂ ਕਹਾਂਗਾ।' ਅਜ ਮੈਂ ਵੀ ਲੋਕਾਂ ਦੀ ਅਦਾਲਤ ਦੇ ਸਾਹਮਣੇ ਸੌਂਹ ਖਾ ਕੇ ਇਕ ਸੁਪਨੇ ਬਾਰੇ ਦਸਣ ਲਗਾ ਹਾਂ ਜੋ ਬਿਲਕੁਲ ਸਚ ਸਾਬਿਤ ਹੋਇਆ।

ਇਹ ਘਟਨਾ 1954 ਦੇ ਆਸ-ਪਾਸ ਦੀ ਹੈ ਉਦੋਂ ਮੈਂ ਛੇਵੀਂ ਜਮਾਤ ਵਿਚ ਪੜ੍ਹਦਾ ਸੀ। ਕੁਝ ਜਰੂਰੀ ਕਿਤਾਬਾਂ ਵਾਸਤੇ ਮੈਨੂੰ ਸਾਢੇ ਤਿੰਨ ਰੁਪਏ ਦੀ ਲੋੜ ਸੀ। ਮੈਂ ਬਾਪੂ ਜੀ ਨੂੰ ਕਿਹਾ ਕਿ ਮੈਨੂੰ ਸਾਢੇ ਤਿੰਨ ਰੁਪਏ ਦੀ ਸਖ਼ਤ ਲੋੜ ਹੈ- ਕੁਝ ਜਰੂਰੀ ਕਿਤਾਬਾ ਲੈਣੀਆਂ ਹਨ। ਬਾਕੀ ਸਭ ਵਿਦਿਆਰਥੀਆਂ ਨੇ ਲੈ ਲਈਆਂ ਹਨ। ਬਾਪੂ ਜੀ ਮੈਨੂੰ ਕਹਿਣ ਲਗੇ ਬੇਟਾ ਦੇਖ, ਮੈਂ ਚਾਰ ਪਾਈ ਤੇ ਬਿਮਾਰ ਪਿਆ ਹਾਂ ਅਤੇ ਇਹ ਦੇਖ ਡਾਕਟਰ ਦੀਆਂ ਲਿਖੀਆਂ ਹੋਈਆਂ ਦਵਾਈਆਂ ਦੀ ਪਰਚੀ ਜੋ ਦੋ ਦਿਨ ਤੋਂ ਮੇਰੇ ਸਿਰਹਾਣੇ ਥਲ੍ਹੇ ਰਖੀ ਪਈ ਹੈ। ਇਹ ਦਵਾਈਆਂ ਵੀ ਜ਼ਰੂਰੀ ਹਨ ਅਤੇ ਰੁਪਿਆਂ ਦਾ ਇੰਤਜ਼ਾਮ ਨਹੀਂ ਹੋ ਪਾ ਰਿਹਾ। ਕਿਸੇ ਕੋਲੋਂ ਉਧਾਰ ਵੀ ਨਹੀਂ ਮਿਲੇ। ਇਸ ਲਈ ਤੂੰ ਕੁਝ ਦਿਨ ਹੋਰ ਰੁਕਜਾ। ਮੈਂ ਕਿਹਾ, ਠੀਕ ਹੈ ਪਿਤਾ ਜੀ ਜਿਸ ਤਰ੍ਹਾਂ ਆਪ ਜੀ ਠੀਕ ਸਮਝੋ। ਉਸ ਦਿਨ ਰਾਤ ਨੂੰ ਸੋਚਾਂ ਵਿਚ ਡੁਬਿਆ ਹੋਇਆ ਉਦਾਸ ਮੰਨ ਲੈ ਕੇ ਮੈਂ ਸੋ ਗਿਆ ਅਤੇ ਇਕ ਸੁਪਨਾ ਆਉਣ ਲਗਾ- ਸੁਪਨੇ ਵਿਚ ਕੀ ਦੇਖਦਾ ਹਾਂ ਕਿ, ਇਕ ਹਲਕੀ ਮਧਮ ਜਿਹੀ ਰੋਸ਼ਨੀ ਜਿਸਦੀ ਉਚਾਈ 4 ਫੁਟ ਦੇ ਕਰੀਬ ਅਤੇ ਮੋਟਾਈ 4 ਇੰਚ ਦੇ ਕਰੀਬ ਸੀ, ਉਹ ਰੋਸ਼ਨੀ ਮੇਰੀ ਚਾਰ-ਪਾਈ ਦੇ ਚਕਰ ਲਗਾ ਰਹੀ ਹੈ। ਫਿਰ ਮੇਰੇ ਸਿਰਹਾਣੇ ਦੇ ਸਜੇ ਪਾਸੇ ਰੁਕ ਕੇ ਉਹ ਰੋਸ਼ਨੀ ਕਹਿਣ ਲਗੀ ਕਿ "ਦਿਨ ਵੇਲੇ ਮੈਂ ਉਹ ਸਾਰੀਆਂ ਗਲਾਂ ਸੁਣ ਲਈਆਂ ਸਨ ਜੋ ਤੂੰ ਆਪਣੇ ਪਿਤਾ ਜੀ ਨਾਲ ਕੀਤੀਆਂ, ਕਿਉਂਕਿ ਮੈਂ ਤੇਰੇ ਕੋਲ ਹੀ ਖੜੀ ਸੀ। ਦਿਨ ਦੀ ਰੋਸ਼ਨੀ ਵਿਚ ਤੂੰ ਮੈਨੂੰ ਦੇਖ ਨਹੀਂ ਸਕਿਆ ਪਰ ਮੈ ਤੈਨੂੰ ਦੇਖ ਸਕਦੀ ਸੀ। ਤੇਰੇ ਚਿਹਰੇ ਤੇ ਮਾਯੂਸੀ ਅਤੇ ਤੇਰੀਆਂ ਅਖਾਂ ਵਿਚ ਮੈਂ ਨਮੀ ਦੇਖ ਲਈ ਸੀ। ਇਸ ਲਈ ਤੇਰੀ ਸਮਸਿਆ ਦਾ ਹਲ ਕਰਨ ਲਈ ਮੈਂ ਰਾਤ ਨੂੰ ਤੇਰੇ ਕੋਲ ਆਈ ਹਾਂ। ਮੈਂ ਇਕ ਨੂਰ ਹਾਂ ਜੋ ਕਿ ਬ੍ਰਹਿਮੰਡ ਦੇ ਕਿਸੇ ਦੂਸਰੇ ਛੋਰ ਤੋਂ ਆਈ ਹਾਂ। ਤੂੰ ਮੈਨੂੰ ਫੜ ਨਹੀਂ ਸਕਦਾ ਤੇ ਨਾ ਹੀ ਛੂਹ ਸਕਦਾ ਹੈਂ ਪਰ ਤੂੰ ਮੈਨੂੰ ਹਨੇਰੇ ਵਿਚ ਦੇਖ ਸਕਦਾ ਹੈਂ ਅਤੇ ਸੁਣ ਸਕਦਾ ਹੈਂ। ਮੇਰੀ ਗਲ ਧਿਆਨ ਨਾਲ ਸੁਣੀ ਅਤੇ ਇਹ ਗਲ ਕਿਸੇ ਨੂੰ ਦਸਣੀ ਨਹੀਂ। ਜਿਸ ਸੜਕ ਤੇ ਚਲ ਕੇ ਤੁਸੀਂ ਸਕੂਲ ਜਾਂਦੇ ਹੋ ਉਸ ਸੜਕ ਦੇ ਦੋਵੇਂ ਪਾਸੇ ਕਈ ਤਰ੍ਹਾਂ ਦੇ ਦਰਖ਼ਤ ਲਗੇ ਹੋਏ ਹਨ। ਜਿੰਨ੍ਹਾਂ ਵਿਚ ਟਾਲ੍ਹੀ ਦੇ ਦਰਖ਼ਤ ਸਭ ਤੋਂ ਜਿਆਦਾ ਹਨ। ਸਕੂਲ ਤੋਂ ਵਾਪਿਸ ਆਣ ਲਗਿਆਂ ਕੁਝ ਦੂਰੀ ਤੇ ਤੇਰੇ ਸਜੇ ਪਾਸੇ ਇਕ ਸਭ ਤੋਂ ਵਧ ਮੋਟੇ ਤਣੇ ਵਾਲਾ ਟਾਹਲੀ ਦਾ ਦਰਖ਼ਤ ਹੈ। ਤੈਨੂੰ ਕਲ ਸਕੂਲ ਤੋਂ ਜਦੋਂ ਛੁਟੀ ਹੋਵੇਗੀ ਤਾਂ ਤੂੰ ਇਕਲਾ ਹੀ ਉਸ ਮੋਟੇ ਤਣੇ ਵਾਲੇ ਦਰਖ਼ਤ ਥਲੇ ਰੁਕ ਜਾਂਵੀ। ਇੰਨਾ ਧਿਆਨ ਰਖਣਾ ਕਿ ਤੇਰੇ ਨਾਲ ਤੇਰਾ ਕੋਈ ਦੂਜਾ ਵਿਦਿਆਰਥੀ ਨਾ ਹੋਵੇ। ਜੇ ਕੋਈ ਸਾਥੀ ਨਾਲ ਹੋਇਆ ਵੀ ਤਾਂ ਉਸ ਨੂੰ ਕੋਈ ਬਹਾਨਾ ਲਗਾ ਕੇ ਘਰ ਭੇਜ ਦੇਣਾ। ਜਦ ਤੂੰ ਇਕਲਾ ਰਹਿ ਜਾਂਵੇਂ ਤਾਂ ਉਸ ਮੋਟੇ ਤਣੇ ਵਾਲੇ ਦਰਖ਼ਤ ਨਾਲ ਆਪਣੀ ਪਿਠ ਟਿਕਾ ਕੇ ਉਤਰ ਦਿਸ਼ਾ ਵਲ ਮੂੰਹ ਕਰਕੇ ਖੜ੍ਹਾ ਹੋ ਜਾਂਵੀ। ਦਰਖ਼ਤ ਦੇ ਥਲੇ ਬਹੁਤ ਸਾਰੇ ਸੁਕੇ ਪਤਿਆਂ ਦਾ ਢੇਰ ਲਗਾ ਹੋਵੇਗਾ। ਜੋ ਪਤੇ ਤੇਰੇ ਪੈਰਾਂ ਥਲੇ ਹੋਣ ਉਨ੍ਹਾਂ ਨੂੰ ਆਪਣੇ ਪੈਰਾਂ ਨਾਲ ਹਟਾ ਦੇਈਂ ਅਤੇ ਥਲਿਓਂ ਰੇਤਲੀ ਜ਼ਮੀਨ ਨਿਕਲੇਗੀ। ਹੁਣ ਤੂੰ ਉਸ ਰੇਤਲੀ ਜ਼ਮੀਨ ਨੂੰ ਆਪਣੇ ਹਥਾਂ ਨਾਲ ਫਰੋਲਣਾ ਸ਼ੁਰੂ ਕਰਨਾ। ਜਿਉਂ ਜਿਉਂ ਜ਼ਮੀਨ ਨੂੰ ਫਰੋਲੇਂਗਾ ਉਸ ਵਿਚੋਂ ਚਾਂਦੀ ਦੇ ਸਿਕੇ ਨਿਕਲਣੇ ਸ਼ੁਰੂ ਹੋ ਜਾਣਗੇ ਅਤੇ ਸਿਕੇ ਚੁਕ-ਚੁਕ ਕੇ ਆਪਣੀ ਜੇਬ੍ਹ ਵਿਚ ਪਾਉਂਦਾ ਜਾਂਵੀ। ਪਰ ਧਿਆਨ ਰਖੀਂ, ਤੈਨੂੰ ਕੋਈ ਦੇਖੇ ਨਾ।" ਇਤਨਾ ਕਹਿ ਕੇ ਉਹ ਰੋਸ਼ਨੀ ਗਾਇਬ ਹੋ ਗਈ। ਇਹ ਸੁਪਨਾ ਦੇਖਕੇ ਮੈਂ ਬਹੁਤ ਹੈਰਾਨ ਹੋਇਆ ਅਤੇ ਖੁਸ਼ੀ ਦੀ ਇਕ ਲਹਿਰ ਮੇਰੀ ਆਤਮਾ ਵਿਚ ਪ੍ਰਵੇਸ਼ ਕਰ ਗਈ। ਅਗਲੇ ਦਿਨ ਮੈਂ ਉਸੇ ਤਰ੍ਹਾਂ ਹੀ ਕੀਤਾ ਜਿਸ ਤਰ੍ਹਾਂ ਚਮਕਣ ਵਾਲੀ ਰੋਸ਼ਨੀ ਨੇ ਮੈਨੂੰ ਸਮਝਾਇਆ ਸੀ। ਮਨ ਬਹੁਤ ਖੁਸ਼ ਸੀ ਕਿਉਂਕਿ ਕੋਈ ਰਬੀ ਸ਼ਕਤੀ ਮੇਰੀ ਸਹਾਇਤਾ ਕਰ ਰਹੀ ਸੀ। ਅਗਲੇ ਦਿਨ ਸਕੂਲ ਦੀ ਛੁਟੀ ਹੋਣ ਤੋਂ ਬਾਅਦ ਮੈਂ ਇਕਲਾ ਹੀ ਉਸ ਦਰਖ਼ਤ ਥਲੇ ਖੜ੍ਹਾ ਹੋ ਗਿਆ। ਮੇਰੇ ਸਾਥੀ ਘਰ ਜਾ ਚੁਕੇ ਸਨ। ਸੁਕੇ ਪਤੇ ਪੈਰਾਂ ਥਲਿਓਂ ਹਟਾਏ ਫਿਰ ਰੇਤ ਵਿਚ ਫੋਲਾ-ਫਾਲੀ ਕੀਤੀ- ਸਚਮੁਚ ਰੇਤ ਵਿਚੋਂ ਚਾਂਦੀ ਦੇ ਸਿਕੇ ਨਿਕਲਣੇ ਸ਼ੁਰੂ ਹੋ ਗਏ। ਮੈਂ ਸਿਕੇ ਚੁਕ-ਚੁਕ ਕੇ ਆਪਣੀ ਜੇਬ ਵਿਚ ਪਾਉਂਦਾ ਗਿਆ ਅਤੇ ਰੇਤ ਵਿਚੋਂ ਕੁਲ 9 ਰੁਪਏ ਨਿਕਲੇ। ਘਰ ਆ ਕੇ ਕਲ ਦੇ ਸੁਪਨੇ ਬਾਰੇ ਅਤੇ ਅਜ ਮਿਲੇ ਰੁਪਿਆਂ ਬਾਰੇ ਮੈਂ ਬਾਪੂ ਜੀ ਨੂੰ ਦਸਿਆ, ਉਹ ਹੈਰਾਨ ਹੋ ਗਏ। ਅਗਲੇ ਦਿਨ ਮੈਂ ਉਨ੍ਹਾਂ ਰੁਪਿਆਂ ਨਾਲ ਆਪਣੀਆਂ ਕਿਤਾਬਾਂ ਅਤੇ ਬਾਪੂ ਜੀ ਦੀਆਂ ਦਵਾਈਆਂ ਖ਼ਰੀਦੀਆਂ। ਮੈਨੂੰ ਗੁਰਬਾਣੀ ਦੀਆਂ ਤੁਕਾਂ ਯਾਦ ਆਈਆਂ:-

"ਜਾਂ ਤੂੰ ਮੇਰੇ ਵਲ ਹੈ ਤਾ ਕਿਆ ਮੁਹਛੰਦਾ.."

(ਮੇਰੀ ਆਤਮ ਕਥਾ "ਰੋਕੇ ਰੁਕੇ ਨਾ ਸਵੇਰਾ" ਵਿਚੋਂ)

# ਮਹਾਨ ਦਾਰਸ਼ਨਿਕ– ਕਾਰਲ ਮਾਰਕਸ




ਅੱਜ ਕਿਰਤੀ ਜਮਾਤ ਦੇ ਮਹਾਨ ਅਧਿਆਪਕ ਅਰਥਸਾਸਤਰੀ ਦਾਰਸ਼ਨਿਕ ਅਤੇ ਇਨਕਲਾਬੀ ਸ਼ਖਸੀਅਤ ਅਤੇ ਕਮਿਊਨਿਜ਼ਮ ਦੇ ਪਿਤਾਮਾ ਕਾਮਰੇਡ ਕਾਰਲ ਮਾਰਕਸ ਦਾ 208ਵਾਂ ਜਨਮ ਦਿਹਾੜਾ ਹੈ ਕਾਰਲ ਮਾਰਕਸ ਨੇ ਦੁਨੀਆਂ ਨੂੰ ਇੱਕ ਅਜਿਹੀ ਵਿਗਿਆਨਿਕ ਵਿਚਾਰਧਾਰਾ ਦਿੱਤੀ ਜਿਸ ਨੇ ਦੁਨੀਆਂ ਵਿੱਚ ਤਰਥੱਲੀ ਮਚਾ ਦਿੱਤੀ ਸੀ, ਉਨਾਂ ਨੇ ਕਿਹਾ ਕਿ "ਅੱਜ ਤੱਕ ਵਿਦਵਾਨਾਂ ਨੇ ਸਿਰਫ ਦੁਨੀਆਂ ਦੀ ਵਿਆਖਿਆ ਕੀਤੀ ਹੈ ਪਰ ਸਵਾਲ ਇਸਨੂੰ ਬਦਲਣ ਦਾ ਹੈ"ਉਹਨਾਂ ਨੇ ਦੁਨੀਆਂ ਨੂੰ ਬਦਲਣ ਦਾ ਵਿਗਿਆਨਿਕ ਸਿਧਾਂਤ ਦਿੱਤਾ ਜਿਸ ਨੂੰ ਕਮਿਊਨਿਜਮ ਕਿਹਾ ਜਾਂਦਾ ਹੈ, ਮਾਰਕਸਵਾਦੀ ਵਿਚਾਰਧਾਰਾ ਇੱਕ ਅਜਿਹੀ ਵਿਚਾਰਧਾਰਾ ਹੈ ਜਿਹੜੀ ਹਰ ਵਰਤਾਰੇ ਨੂੰ ਦਬੰਧਵਾਦੀ ਨਜ਼ਰੀਏ ਤੋਂ ਦੇਖਦੀ ਹੈ ਅਤੇ ਉਸ ਦਾ ਮੁਲਾਂਕਨ ਕਰਦੀ ਹੈ ਕਾਰਲ ਮਾਰਕਸ ਨੇ ਕਿਹਾ ਸੀ ਕਿ ਮਨੁੱਖੀ ਸਮਾਜ ਦਾ ਆਧਾਰ ਆਰਥਿਕਤਾ ਹੈ ਆਰਥਿਕਤਾ ਦੇ ਆਲੇ ਦੁਆਲੇ ਹੀ ਸਾਰਾ ਸਮਾਜ ਘੁਮਦਾ ਹੈ ਜਿਹੋ ਜਿਹਾ ਆਰਥਿਕ ਪ੍ਰਬੰਧ ਹੋਵੇਗਾ ਉਹ ਜਿਹਾ ਹੀ ਮਨੁੱਖ ਦਾ ਸੱਭਿਆਚਾਰ ਧਰਮ ਅਤੇ ਉਸ ਦਾ ਰਹਿਣ ਸਹਿਣ ਹੋਵੇਗਾ, ਉਹਨਾਂ ਨੇ ਕਿਹਾ ਸੀ ਸਮਾਜ ਜਮਾਤਾਂ ਵਿੱਚ ਵੰਡਿਆ ਹੋਇਆ ਹੈ। ਅਤੇ ਜਿਸ ਜਮਾਤ ਦਾ ਅਰਥਕ ਸਾਧਨਾ ਉੱਤੇ ਕਬਜ਼ਾ ਹੁੰਦਾ ਹੈ ਉਸੇ ਦਾ ਹੀ ਰਾਜ ਸੱਤਾ ਉੱਤੇ ਕਬਜ਼ਾ ਹੁੰਦਾ ਹੈ ਇਸ ਕਰਕੇ ਸਮਾਜ ਦੀ ਚਾਲਕ ਸ਼ਕਤੀ ਕਿਰਤੀ ਜਮਾਤ ਹੈ ਭਾਵ ਮਜ਼ਦੂਰ ਜਮਾਤ ਹੈ ਇਸ ਕਰਕੇ ਮਜ਼ਦੂਰ ਜਮਾਤ ਨੂੰ ਆਪਣੇ ਆਪ ਨੂੰ ਇੱਕ ਜਮਾਤ ਦੇ ਤੌਰ ਉੱਤੇ ਲਾਮਬੰਦ ਕਰਦੇ ਹੋਏ ਸੱਤਾ ਤੇ ਕਬਜ਼ਾ ਕਰਨਾ ਚਾਹੀਦਾ ਹੈ ਅਤੇ ਸਰਮਾਏਦਾਰੀ ਨੂੰ ਸੱਤਾ ਤੋਂ ਲਾਹ ਦੇਣਾ ਚਾਹੀਦਾ ਹੈ ਇਸਨੂੰ ਉਨਾਂ ਨੇ ਕਿਹਾ ਕਿ ਮਜ਼ਦੂਰ ਜਮਾਤ ਨੂੰ ਸਰਮਾਏਦਾਰੀ ਜਮਾਤ ਨੂੰ ਸੱਤਾ ਤੋਂ ਲਾ ਕੇ ਆਪਣੀ ਤਾਨਾਸ਼ਾਹੀ ਕਾਇਮ ਕਰਨੀ ਹੋਵੇਗੀ ਕਿਉਂਕਿ ਜੇਕਰ ਉਹਨਾਂ ਨੇ ਸਰਮਾਏਦਾਰੀ ਜਮਾਤ ਨੂੰ ਸੱਤਾ ਤੋਂ ਬਾਹਰ ਰੱਖਣਾ ਹੈ ਤਾਂ ਉਹਨਾਂ ਨੂੰ ਆਪਣੀ ਸੱਤਾ ਸਥਾਪਿਤ ਕਰਨੀ ਹੋਵੇਗੀ ਅਤੇ ਸਮਾਜਵਾਦ ਦੀ ਸਥਾਪਨਾ ਕਰਨੀ ਹੋਵੇਗੀ ਹੌਲੀ ਹੌਲੀ ਜਦੋਂ ਜਮਾਤਾਂ ਖਤਮ ਹੋ ਜਾਣਗੀਆਂ ਉਦੋਂ ਰਾਜ ਸੱਤਾ ਵੀ ਖਤਮ ਹੋ ਜਾਵੇਗੀ ਕਹਿਣ ਦਾ ਭਾਵ ਉਸ ਦੀ ਲੋੜ ਹੀ ਨਹੀਂ ਰਹਿ ਜਾਵੇਗੀ ਰਾਜ ਸੱਤਾ ਦੀ ਲੋੜ ਇਸ ਕਰਕੇ ਹੈ ਕਿਉਂਕਿ ਸਮਾਜ ਵਿੱਚ ਆਰਥਿਕ ਪਾੜਾ ਹੈ ਅਤੇ ਆਰਥਿਕ ਸਾਧਨਾ ਤੇ ਕਾਬਜ ਜਮਾਤ ਆਪਣੀ ਪਕੜ ਬਣਾਈ ਰੱਖਣ ਲਈ ਰਾਜ ਸੱਤਾ ਦੀ ਸਥਾਪਨਾ ਕਰਦੀ ਹੈ ਜਦੋਂ ਆਰਥਿਕ ਪ੍ਰਬੰਧ ਬਰਾਬਰ ਦਾ ਹੋ ਗਿਆ ਭਾਵ ਜਮਾਤਾਂ ਦਾ ਖਾਤਮਾ ਹੋ ਗਿਆ ਉਸ ਸਮੇਂ ਅੱਜ ਤੈਨੂੰ ਰਾਜ ਸੱਤਾ ਦੀ ਕੋਈ ਲੋੜ ਹੀ ਨਹੀਂ ਰਹਿ ਜਾਵੇਗੀ ਸਾਰੇ ਲੋਕ ਰਲ ਮਿਲ ਕੇ ਰਹਿਣਗੇ ਕੰਮ ਕਰਨਗੇ ਅਤੇ ਆਪਸ ਵਿੱਚ ਵੰਡ ਕੇ ਖਾਣਗੇ ਕਿਸੇ ਤਰ੍ਹਾਂ ਦੀ ਕੋਈ ਜਮਾਤ ਨਹੀਂ ਰਹਿ ਜਾਵੇਗੀ ਨਾ ਹੀ ਕੋਈ ਕਿਸੇ ਨੂੰ ਦਬਾਵੇਗਾ ਉਸ ਨੂੰ ਕਾਰਲ ਮਾਰਕਸ ਨੇ ਕਮਿਊਨਿਜ਼ਮ ਦੀ ਸਟੇਜ ਕਿਹਾ ਸੀ ਜਿਸ ਨੂੰ ਬਾਬੇ ਨਾਨਕ ਨੇ ਸਰਬੱਤ ਦੇ ਭਲੇ ਵਾਲਾ ਸਮਾਜ ਕਿਹਾ ਹੈ ਇਸ ਕਰਕੇ ਮਾਰਕਸ ਦੀ ਵਿਚਾਰਧਾਰਾ ਅਤੇ ਬਾਬੇ ਨਾਨਕ ਦੀ ਵਿਚਾਰਧਾਰਾ ਬਿਲਕੁਲ ਇੱਕ ਦੂਜੇ ਦੀਆਂ ਪੂਰਕ ਹਨ ਅੱਜ ਦੇ ਦਿਨ ਅਸੀਂ ਕਾਰਲ ਮਾਰਕਸ ਨੇ ਯਾਦ ਕਰਦੇ ਹੋਏ ਮਨੁੱਖਤਾ ਦੇ ਭਲੇ ਬਾਲਾ ਸਮਾਜ ਸਿਰਜਣ ਦਾ ਅਹਿਦ ਕਰੀਏ।



ਡਾਕਟਰ ਗੁਰਤੇਜ ਸਿੰਘ ਖੀਵਾ,
ਮੋ. ਨੰ. 79018-86210






# ਦਿਲਜੀਤ ਦੋਸਾਂਝ ਨੂੰ SFJ ਦੀ ਧਮਕੀ

## ਅਮਰੀਕਾ ਕੰਸਰਟ ਰੋਕਣ ਦਾ ਐਲਾਨ



ਸਿੱਖਸ ਫਾਰ ਜਸਟਿਸ (SFJ) ਦੇ ਆਗੂ ਅਤੇ ਅਤਿਵਾਦੀ ਗੁਰਪਤਵੰਤ ਸਿੰਘ ਪੰਨੂ ਨੇ ਇੱਕ ਵੀਡੀਓ ਜਾਰੀ ਕਰਕੇ ਮਕਬੂਲ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੂੰ ਧਮਕੀ ਦਿੱਤੀ ਹੈ। ਪੰਨੂ ਨੇ ਐਲਾਨ ਕੀਤਾ ਹੈ ਕਿ ਉਸ ਦਾ ਸੰਗਠਨ ਅਮਰੀਕਾ ਵਿੱਚ ਹੋਣ ਵਾਲੇ ਦੋਸਾਂਝ ਦੇ ਆਉਣ ਵਾਲੇ ਸ਼ੋਅ ਦਾ ਵਿਰੋਧ ਕਰੇਗਾ। ਇਹ ਵਿਵਾਦ ਉਸ ਸਮੇਂ ਸ਼ੁਰੂ ਹੋਇਆ ਜਦੋਂ ਦਿਲਜੀਤ ਨੇ ਕੈਨੇਡਾ ਦੇ ਕੈਲਗਰੀ ਵਿੱਚ ਆਪਣੇ 'ਔਰਾ 2026' (Aura-2026) ਕੰਸਰਟ ਦੌਰਾਨ ਖਾਲਿਸਤਾਨੀ ਝੰਡੇ ਦਿਖਾਉਣ ਵਾਲੇ ਅਨਸਰਾਂ ਨੂੰ ਸਖ਼ਤ ਸ਼ਬਦਾਂ ਵਿੱਚ ਫਿਟਕਾਰ ਲਾਈ ਸੀ। ਕੈਲਗਰੀ ਸ਼ੋਅ ਦੌਰਾਨ ਜਦੋਂ ਕੁਝ ਲੋਕਾਂ ਨੇ ਖਾਲਿਸਤਾਨੀ ਝੰਡੇ ਲਹਿਰਾ ਕੇ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ, ਤਾਂ ਦਿਲਜੀਤ ਨੇ ਮੰਚ ਤੋਂ ਕਿਹਾ, "ਜਿੰਨੇ ਝੰਡੇ ਦਿਖਾਉਣੇ ਨੇ ਦਿਖਾਈ ਚੱਲੋ," ਅਤੇ ਪ੍ਰਦਰਸ਼ਨਕਾਰੀਆਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਜੇਕਰ ਇਹ ਲੋਕ ਸ਼ੋਅ ਵਿੱਚ ਰੁਕਾਵਟ ਪਾ ਰਹੇ ਹਨ ਤਾਂ ਇਨ੍ਹਾਂ ਨੂੰ ਬਾਹਰ ਕੱਢ ਦਿਓ। ਦੋਸਾਂਝ ਦੇ ਇਸ ਸਟੈਂਡ ਦਾ ਉੱਥੇ ਮੌਜੂਦ ਹਜ਼ਾਰਾਂ ਦੀ ਭੀੜ ਨੇ ਤਾਲੀਆਂ ਮਾਰ ਕੇ ਸਵਾਗਤ ਕੀਤਾ।

ਦਿਲਜੀਤ ਦੋਸਾਂਝ ਆਪਣੇ ਇਸ ਵਿਸ਼ਵ ਦੌਰੇ ਰਾਹੀਂ ਪੰਜਾਬੀ ਪ੍ਰਵਾਸੀਆਂ ਦੇ ਮੋਢੀ, 'ਕਾਮਾਗਾਟਾਮਾਰੂ' ਦੇ ਮੁਸਾਫਰਾਂ ਅਤੇ ਗ਼ਦਰ ਲਹਿਰ ਦੇ ਕ੍ਰਾਂਤੀਕਾਰੀਆਂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਨ। ਵੈਨਕੂਵਰ ਦੇ ਬੀ.ਸੀ. ਪਲੇਸ ਸਟੇਡੀਅਮ ਵਿੱਚ ਹੋਏ ਕੰਸਰਟ ਦੌਰਾਨ ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਇਹ ਸਟੇਡੀਅਮ ਉਸ ਬੰਦਰਗਾਹ ਤੋਂ ਮਹਿਜ਼ ਦੋ ਕਿਲੋਮੀਟਰ ਦੂਰ ਹੈ, ਜਿੱਥੋਂ 1914 ਵਿੱਚ 'ਗੁਰੂ ਨਾਨਕ ਜਹਾਜ਼' (ਕਾਮਾਗਾਟਾਮਾਰੂ) ਨੂੰ ਵਾਪਸ ਮੋੜ ਦਿੱਤਾ ਗਿਆ ਸੀ। ਉਨ੍ਹਾਂ ਕਿਹਾ, "ਉਦੋਂ ਸਾਡੇ ਲੋਕਾਂ ਨੂੰ ਵੜਨ ਨਹੀਂ ਦਿੱਤਾ ਗਿਆ ਸੀ, ਤੇ ਅੱਜ 55 ਹਜ਼ਾਰ ਪੰਜਾਬੀ ਇਸੇ ਧਰਤੀ 'ਤੇ ਜਸ਼ਨ ਮਨਾ ਰਹੇ ਹਨ।"

ਦੋਸਾਂਝ ਨੇ ਕਰਤਾਰ ਸਿੰਘ ਸਰਾਭਾ ਅਤੇ ਬਾਬਾ ਸੋਹਣ ਸਿੰਘ ਭਕਨਾ ਵਰਗੇ ਗ਼ਦਰੀ ਬਾਬਿਆਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਅੱਜ ਉੱਤਰੀ ਅਮਰੀਕਾ ਵਿੱਚ ਪੰਜਾਬੀ ਭਾਈਚਾਰੇ ਦੀ ਚੜ੍ਹਤ ਉਨ੍ਹਾਂ ਮਹਾਨ ਕ੍ਰਾਂਤੀਕਾਰੀਆਂ ਦੀ ਹੀ ਦੇਣ ਹੈ। ਹਾਲਾਂਕਿ, ਪੰਨੂ ਦੀ ਤਾਜ਼ਾ ਧਮਕੀ ਨੇ ਦੋਸਾਂਝ ਦੇ ਇਸ ਇਤਿਹਾਸਕ ਦੌਰੇ ਦੇ ਜਸ਼ਨਾਂ ਵਿੱਚ ਖ਼ਲਲ ਪਾਉਣ ਦੀ ਕੋਸ਼ਿਸ਼ ਕੀਤੀ ਹੈ।

# ਕੈਨੇਡਾ 'ਚ ਕਪਿਲ ਸ਼ਰਮਾ ਦੇ ਕੈਫੇ ਨੇੜੇ ਫਿਰ ਗੋਲੀਬਾਰੀ

## ਲਾਰੈਂਸ ਬਿਸ਼ਨੋਈ ਗੈਂਗ ਨੇ ਕਪਿਲ ਸ਼ਰਮਾ ਨੂੰ ਦਿੱਤੀ ਧਮਕੀ

ਕੈਨੇਡਾ ਦੇ ਸਰੀ ਵਿਚ ਬਾਲੀਵੁੱਡ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਫੇ ਨੇੜੇ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਇਹ ਘਟਨਾ 120ਵੀਂ ਸਟਰੀਟ ਇਲਾਕੇ ਵਿੱਚ ਵਾਪਰੀ, ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਫੈਲ ਗਿਆ। ਸਥਾਨਕ ਮੀਡੀਆ ਰਿਪੋਰਟਾਂ ਦੇ ਅਨੁਸਾਰ, ਕਪਿਲ ਸ਼ਰਮਾ ਦਾ ਕੈਪਸ ਕੈਫੇ ਅਤੇ ਕਈ ਹੋਰ ਕੈਫੇ ਗੋਲੀਬਾਰੀ ਵਾਲੀ ਥਾਂ ਦੇ ਨੇੜੇ ਸਥਿਤ ਹਨ। ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਗੋਲੀਬਾਰੀ ਦਾ ਸਿੱਧਾ ਨਿਸ਼ਾਨਾ ਕਿਹੜਾ ਸਥਾਨ ਸੀ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਨੇੜਲੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰ ਰਹੀ ਹੈ।

ਸੂਤਰਾਂ ਅਨੁਸਾਰ, ਇਸ ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕੁਝ ਕਥਿਤ ਤੌਰ 'ਤੇ ਧਮਕੀ ਭਰੀਆਂ ਪੋਸਟਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਕਪਿਲ ਸ਼ਰਮਾ ਅਤੇ ਉਨ੍ਹਾਂ ਦੇ ਕੈਫੇ ਬਾਰੇ ਚੇਤਾਵਨੀਆਂ ਸ਼ਾਮਲ ਹਨ। ਇਨ੍ਹਾਂ ਪੋਸਟਾਂ ਦੀ ਅਜੇ ਤੱਕ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ ਹੈ, ਅਤੇ ਨਾ ਹੀ ਕਿਸੇ ਅਧਿਕਾਰਤ ਏਜੰਸੀ ਦੁਆਰਾ ਇਨ੍ਹਾਂ ਦੀ ਪੁਸ਼ਟੀ ਕੀਤੀ ਗਈ ਹੈ।

ਇਸ ਤਾਜ਼ਾ ਘਟਨਾ ਤੋਂ ਬਾਅਦ, ਕੈਨੇਡੀਅਨ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਹਰਕਤ ਵਿੱਚ ਆ ਗਈਆਂ ਹਨ। ਇਲਾਕੇ ਨੂੰ ਘੇਰ ਲਿਆ ਗਿਆ ਹੈ, ਅਤੇ ਫੋਰੈਂਸਿਕ ਟੀਮਾਂ ਨੇ ਘਟਨਾ ਸਥਾਨ ਤੋਂ ਸਬੂਤ ਇਕੱਠੇ ਕੀਤੇ ਹਨ। ਪੁਲਿਸ ਦਾ ਕਹਿਣਾ ਹੈ ਕਿ ਉਹ ਸਾਰੇ ਸੰਭਾਵਿਤ ਪਹਿਲੂਆਂ ਦੀ ਜਾਂਚ ਕਰ ਰਹੇ ਹਨ, ਅਤੇ ਕੋਈ ਵੀ ਸਿੱਟਾ ਕੱਢਣਾ ਬਹੁਤ ਜਲਦੀ ਹੋਵੇਗਾ। ਇਸ ਦੌਰਾਨ, ਕਪਿਲ ਸ਼ਰਮਾ ਨੇ ਇਸ ਘਟਨਾ ਬਾਰੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ। ਉਹ ਇਸ ਸਮੇਂ ਆਪਣੇ ਆਉਣ ਵਾਲੇ ਪ੍ਰੋਜੈਕਟਾਂ ਅਤੇ ਨੈੱਟਫਲਿਕਸ ਸ਼ੋਅ ਲਈ ਖ਼ਬਰਾਂ ਵਿੱਚ ਹਨ।

# Cannes 2026: France ਦੇ ਰੈੱਡ ਕਾਰਪੇਟ 'ਤੇ ਗੂੰਜੇਗਾ ਪੰਜਾਬੀ ਗੱਭਰੂ ਐਮੀ ਵਿਰਕ ਦਾ ਨਾਂਅ !




ਪੰਜਾਬੀ ਸਿਨੇਮਾ ਦੇ ਪ੍ਰਸ਼ੰਸਕਾਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਜਿਸ ਕਾਨ ਫਿਲਮ ਫੈਸਟੀਵਲ ਦੇ ਰੈੱਡ ਕਾਰਪੇਟ 'ਤੇ ਅਸੀਂ ਹਮੇਸ਼ਾ ਬਾਲੀਵੁੱਡ ਅਤੇ ਹਾਲੀਵੁੱਡ ਸਿਤਾਰਿਆਂ ਨੂੰ ਦੇਖਦੇ ਸੀ, ਇਸ ਵਾਰ ਉੱਥੇ ਸਾਡੇ ਪੰਜਾਬ ਦਾ 'ਕਿਸਮਤ' ਸਟਾਰ ਐਮੀ ਵਿਰਕ ਆਪਣੀ ਚਮਕ ਬਿਖੇਰਨ ਜਾ ਰਿਹਾ ਹੈ। 2026 ਦਾ ਕਾਨ ਫਿਲਮ ਫੈਸਟੀਵਲ ਪੰਜਾਬੀ ਇੰਡਸਟਰੀ ਲਈ ਇਤਿਹਾਸਕ ਹੋਣ ਵਾਲਾ ਹੈ।

ਫਰਾਂਸ ਵਿੱਚ 12 ਮਈ ਤੋਂ 23 ਮਈ ਤੱਕ ਚੱਲਣ ਵਾਲੇ ਇਸ ਵੱਕਾਰੀ ਮੇਲੇ ਵਿੱਚ ਐਮੀ ਵਿਰਕ ਪਹਿਲੀ ਵਾਰ ਸ਼ਾਮਲ ਹੋਣਗੇ। ਪਰ ਐਮੀ ਇਕੱਲੇ ਨਹੀਂ ਜਾ ਰਹੇ। ਉਨ੍ਹਾਂ ਦੇ ਨਾਲ ਨਜ਼ਰ ਆਵੇਗੀ ਖੂਬਸੂਰਤ ਅਦਾਕਾਰਾ ਰੂਪੀ ਗਿੱਲ। ਇਹ ਜੋੜੀ ਆਪਣੀ ਆਉਣ ਵਾਲੀ ਫਿਲਮ 'ਚੜ੍ਹਦੀਕਲ੍ਹਾ' ਦੀ ਪ੍ਰਮੋਸ਼ਨ ਲਈ ਅੰਤਰਰਾਸ਼ਟਰੀ ਮੰਚ 'ਤੇ ਪਹੁੰਚ ਰਹੀ ਹੈ। ਪੰਜਾਬੀ ਸਿਨੇਮਾ ਦਾ ਇਸ ਪੱਧਰ 'ਤੇ ਜਾਣਾ ਇਹ ਸਾਬਤ ਕਰਦਾ ਹੈ ਕਿ ਸਾਡੀਆਂ ਫਿਲਮਾਂ ਹੁਣ ਸਿਰਫ ਪੰਜਾਬ ਤੱਕ ਸੀਮਿਤ ਨਹੀਂ ਰਹੀਆਂ, ਸਗੋਂ ਗਲੋਬਲ ਹੋ ਰਹੀਆਂ ਹਨ। ਸਿਰਫ ਪੰਜਾਬ ਹੀ ਨਹੀਂ, ਇਸ ਵਾਰ ਭਾਰਤ ਦੀ ਮੌਜੂਦਗੀ ਕਾਨ ਫਿਲਮ ਫੈਸਟੀਵਲ ਵਿੱਚ ਬਹੁਤ ਮਜ਼ਬੂਤ ਰਹਿਣ ਵਾਲੀ ਹੈ। ਮਸ਼ਹੂਰ ਫਿਲਮ ਨਿਰਮਾਤਾ ਆਸ਼ੂਤੋਸ਼ ਗੋਵਾਰੀਕਰ ਭਾਰਤ ਦੇ ਅਧਿਕਾਰਤ ਵਫ਼ਦ ਦੀ ਅਗਵਾਈ ਕਰਨਗੇ।

ਇਸ ਤੋਂ ਇਲਾਵਾ ਮਰਾਠੀ ਸਿਨੇਮਾ ਤੋਂ ਅਸ਼ੋਕ ਸਰਾਫ ਅਤੇ ਗੁਜਰਾਤੀ ਸਿਨੇਮਾ ਤੋਂ ਮਾਨਸੀ ਪਾਰੇਖ ਵਰਗੇ ਸਿਤਾਰੇ ਵੀ ਭਾਰਤੀ ਸੱਭਿਆਚਾਰ ਦੀ ਝਲਕ ਪੇਸ਼ ਕਰਨਗੇ। ਜਿੱਥੇ ਖੇਤਰੀ ਸਿਨੇਮਾ ਧਮਾਲ ਪਾਵੇਗਾ, ਉੱਥੇ ਬਾਲੀਵੁੱਡ ਦਾ ਗਲੈਮਰ ਵੀ ਘੱਟ ਨਹੀਂ ਹੋਵੇਗਾ। ਕਾਨ ਦੀ ਰਾਣੀ ਕਹੀ ਜਾਣ ਵਾਲੀ ਐਸ਼ਵਰਿਆ ਰਾਏ ਬੱਚਨ ਇੱਕ ਵਾਰ ਫਿਰ ਲੋਰਿਅਲ ਦ ੀ ਅੰਬੈਸਡਰ ਵਜੋਂ ਵਾਪਸੀ ਕਰ ਰਹੀ ਹੈ। ਇਸ ਦੇ ਨਾਲ ਹੀ ਆਲੀਆ ਭੱਟ, ਕਰਨ ਜੌਹਰ, ਤਾਰਾ ਸੁਤਾਰੀਆ ਅਤੇ ਮੌਨੀ ਰਾਏ ਵਰਗੇ ਸਿਤਾਰੇ ਵੀ ਰੈੱਡ ਕਾਰਪੇਟ ਦੀ ਸ਼ੋਭਾ ਵਧਾਉਣਗੇ। ਪਰ ਸਾਰੀਆਂ ਨਜ਼ਰਾਂ ਤਾਂ ਐਮੀ ਵਿਰਕ 'ਤੇ ਰਹਿਣਗੀਆਂ ਕਿ ਉਹ ਕਿਹੜੇ ਅੰਦਾਜ਼ ਵਿੱਚ ਪੰਜਾਬੀਅਤ ਨੂੰ ਉੱਥੇ ਪੇਸ਼ ਕਰਦੇ ਹਨ। ਕੀ ਉਹ ਸੂਟ-ਬੂਟ ਵਿੱਚ ਹੋਣਗੇ ਜਾਂ ਰਵਾਇਤੀ ਪਹਿਰਾਵੇ ਵਿੱਚ ? ਇਹ ਦੇਖਣਾ ਦਿਲਚਸਪ ਹੋਵੇਗਾ।

# ਮੈਂ ਪਹਿਲਾਂ ਹੀ ਇਹ ਦੁਨੀਆ ਛੱਡ ਚੁੱਕਾ ਹਾਂ:

## ਦੋਸ਼ਾਂਝ ਨੇ ਕਿਹਾ ਕਿ ਉਨ੍ਹਾਂ ਨੂੰ ਮੌਤ ਦਾ ਕੋਈ ਡਰ ਨਹੀਂ



ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਕਿਹਾ ਹੈ ਕਿ ਉਹ ਆਪਣੇ ਸਰੀਰਕ ਮੋਹ ਤੋਂ ਉੱਪਰ ਉੱਠਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਅਜਿਹਾ ਜੀਵਨ ਜਿਉਣਾ ਚਾਹੁੰਦੇ ਹਨ ਜੋ ਭਰੋਸੇ, ਪਿਆਰ ਅਤੇ ਮੁਆਫੀ ਦੀ ਸ਼ਕਤੀ 'ਤੇ ਟਿਕਿਆ ਹੋਵੇ। ਕੈਨੇਡਾ ਦੇ ਕੈਲਗਰੀ ਵਿੱਚ ਆਪਣੇ 'ਔਰਾ ਵਰਲਡ ਟੂਰ' ਕੰਸਰਟ ਦੌਰਾਨ ਹਜ਼ਾਰਾਂ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦਿਆਂ ਗਾਇਕ ਨੇ ਜ਼ਿੰਦਗੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਮੌਤ ਪ੍ਰਤੀ ਨਿਡਰਤਾ ਜ਼ਾਹਰ ਕੀਤੀ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਵਿੱਚ ਦਿਲਜੀਤ ਨੇ ਕਿਹਾ, "ਮੈਂ ਪਹਿਲਾਂ ਹੀ ਇਹ ਦੁਨੀਆ ਛੱਡ ਚੁੱਕਾ ਹਾਂ। ਮੈਨੂੰ ਮੌਤ ਦਾ ਕੋਈ ਡਰ ਨਹੀਂ ਹੈ। ਪਿਛਲੇ ਦਸੰਬਰ ਵਿੱਚ ਮੈਂ ਇਸ ਸਰੀਰ ਵਿੱਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਇਸ ਸਰੀਰ ਨੂੰ ਛੱਡਣ ਤੋਂ ਪਹਿਲਾਂ ਮੈਨੂੰ ਕੁਝ ਹੋਰ ਕੰਮ ਕਰਨੇ ਹਨ। ਡਰਨ ਵਾਲੀ ਕੋਈ ਗੱਲ ਨਹੀਂ ਹੈ। ਇਹ ਸਿਰਫ਼ ਪੰਜਾਬ ਦੀ ਗੱਲ ਨਹੀਂ ਹੈ, ਇਹ ਸੱਚਾਈ ਹੈ। ਮੈਂ ਇਸ ਸਟੇਜ 'ਤੇ ਖੜ੍ਹਾ ਹਾਂ ਅਤੇ ਇਹੋ ਮੇਰਾ ਰੱਬ ਹੈ।"

ਗਾਇਕ ਨੇ ਅੱਗੇ ਕਿਹਾ ਕਿ ਉਨ੍ਹਾਂ ਦੇ ਮਨ ਵਿੱਚ ਕਿਸੇ ਲਈ ਕੋਈ "ਦੁਸ਼ਮਣੀ" ਨਹੀਂ ਹੈ ਅਤੇ ਉਨ੍ਹਾਂ ਦੇ ਦਿਲ ਵਿੱਚ ਸਾਰਿਆਂ ਲਈ ਸਿਰਫ਼ ਪਿਆਰ ਹੈ। ਉਨ੍ਹਾਂ ਕਿਹਾ, "ਪਿਆਰ, ਸਤਿਕਾਰ ਅਤੇ ਮੁਆਫ਼ੀ, ਮੈਂ ਇਨ੍ਹਾਂ ਨੂੰ ਜਿੰਨਾ ਹੋ ਸਕੇ ਆਪਣੀ ਜ਼ਿੰਦਗੀ ਵਿੱਚ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਜੋ ਅਜੇ ਵੀ ਮੇਰੇ ਨਾਲ ਹਨ, ਉਹ ਪੰਜਾਬ ਦਾ ਨਾਂ ਹਨ, ਮੈਂ ਪੰਜਾਬ ਹਾਂ।" ਉਨ੍ਹਾਂ ਦੀ ਇਸ ਟਿੱਪਣੀ ਨੇ ਪ੍ਰਸ਼ੰਸਕਾਂ ਵਿੱਚ ਗਾਇਕ ਦੀ ਮਾਨਸਿਕ ਸਿਹਤ ਨੂੰ ਲੈ ਕੇ ਚਿੰਤਾ ਪੈਦਾ ਕਰ ਦਿੱਤੀ ਹੈ। ਰੈਡਿਟ (Reddit) 'ਤੇ ਇੱਕ ਉਪਭੋਗਤਾ ਨੇ ਲਿਖਿਆ ਕਿ ਇਹ ਮੰਦਭਾਗਾ ਹੈ ਕਿ ਲੋਕ ਇਸ ਗੱਲ ਦਾ ਮਜ਼ਾਕ ਉਡਾ ਰਹੇ ਹਨ। ਉਨ੍ਹਾਂ ਨੇ ਅਵੀਚੀ, ਚੈਸਟਰ ਬੇਨਿੰਗਟਨ ਅਤੇ ਸੁਸ਼ਾਂਤ ਸਿੰਘ ਰਾਜਪੂਤ ਵਰਗੇ ਸਿਤਾਰਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਦੋਂ ਇਹ ਲੋਕ ਆਪਣੇ ਕਰੀਅਰ ਦੇ ਸਿਖਰ 'ਤੇ ਸਨ, ਉਦੋਂ ਹੀ ਅਸੀਂ ਇਨ੍ਹਾਂ ਨੂੰ ਗੁਆ ਦਿੱਤਾ। ਉਨ੍ਹਾਂ ਉਮੀਦ ਜਤਾਈ ਕਿ ਭਾਰਤੀ ਲੋਕ ਮਾਨਸਿਕ ਸਿਹਤ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰਨਗੇ।

# 'ਮੈਂ ਨਸ਼ੇ ਵਿੱਚ ਧੁੱਤ ਰਹਿੰਦੀ ਸੀ, ਸਰੀਰ ਵਿੱਚੋਂ ਬਦਬੂ ਆਉਣ ਲੱਗੀ ਸੀ...'

## ਸਕੂਨ ਦੀ ਤਲਾਸ਼ 'ਚ ਸ਼ਰਾਬ ਪੀਣ ਲੱਗੀ ਸੀ ਜਾਹਨਵੀ ਕਪੂਰ, ਇੰਝ ਆਈ ਬਾਹਰ



ਬੌਲੀਵੁੱਡ ਅਦਾਕਾਰਾ ਜਾਹਨਵੀ ਕਪੂਰ ਅੱਜਕੱਲ੍ਹ ਆਪਣੀ ਕਿਸੇ ਫ਼ਿਲਮ ਜਾਂ ਗਲੈਮਰਸ ਜੀਵਨ ਸ਼ੈਲੀ ਕਾਰਨ ਨਹੀਂ, ਸਗੋਂ ਆਪਣੇ ਇੱਕ ਵਾਇਰਲ ਬਿਆਨ ਕਾਰਨ ਚਰਚਾ ਵਿੱਚ ਹੈ। ਸ੍ਰੀਦੇਵੀ ਦੀ ਬੇਟੀ ਜਾਹਨਵੀ ਨੇ ਹਾਲ ਹੀ ਵਿੱਚ ਇੱਕ ਇੰਟਰਵਿਊ ਦੌਰਾਨ ਆਪਣੀ ਜ਼ਿੰਦਗੀ ਦੇ ਉਸ ਦੌਰ ਬਾਰੇ ਖੁੱਲ੍ਹ ਕੇ ਗੱਲ ਕੀਤੀ, ਜਦੋਂ ਉਹ ਅੰਦਰੂਨੀ ਤੌਰ 'ਤੇ ਪੂਰੀ ਤਰ੍ਹਾਂ ਟੁੱਟ ਚੁੱਕੀ ਸੀ। ਉਸ ਨੇ ਦੱਸਿਆ ਕਿ ਔਖੇ ਸਮੇਂ ਵਿੱਚ ਸ਼ਾਂਤੀ ਅਤੇ ਸਕੂਨ ਦੀ ਭਾਲ ਉਸ ਨੂੰ ਸ਼ਰਾਬ ਦੇ ਰਾਹ ਵੱਲ ਲੈ ਗਈ ਸੀ।

### ਗ਼ਮ ਤੋਂ ਬਾਹਰ ਆਉਣ ਦੀ ਕੋਸ਼ਿਸ਼

ਜਾਹਨਵੀ ਨੇ ਦੱਸਿਆ ਕਿ ਇਹ ਸਭ ਇੱਕ ਦਰਦਨਾਕ ਅਤੇ ਭਾਵੁਕ ਘਟਨਾ ਤੋਂ ਬਾਅਦ ਸ਼ੁਰੂ ਹੋਇਆ, ਖ਼ਾਸ ਤੌਰ 'ਤੇ ਕੋਵਿਡ-19 ਦੇ ਸਮੇਂ ਜਦੋਂ ਜ਼ਿੰਦਗੀ ਪਹਿਲਾਂ ਹੀ ਮੁਸ਼ਕਲ ਦੌਰ ਵਿੱਚੋਂ ਗੁਜ਼ਰ ਰਹੀ ਸੀ। ਅਦਾਕਾਰਾ ਅਨੁਸਾਰ, ਉਹ ਆਮ ਤੌਰ 'ਤੇ ਬਹੁਤ ਘੱਟ ਸ਼ਰਾਬ ਪੀਂਦੀ ਸੀ, ਪਰ ਉਸ ਨਾਜ਼ੁਕ ਸਮੇਂ ਦੌਰਾਨ ਕਰੀਬ ਇੱਕ ਸਾਲ ਤੱਕ ਉਸ ਨੇ ਲੋੜ ਤੋਂ ਵੱਧ ਸ਼ਰਾਬ ਦਾ ਸਹਾਰਾ ਲਿਆ। ਉਸ ਨੇ ਸਪੱਸ਼ਟ ਕੀਤਾ ਕਿ ਇਹ ਕੋਈ ਲਤ ਨਹੀਂ ਸੀ, ਸਗੋਂ ਮਾਨਸਿਕ ਤਣਾਅ ਨੂੰ ਘੱਟ ਕਰਨ ਦੀ ਇੱਕ ਕੋਸ਼ਿਸ਼ ਸੀ। ਉਹ ਉਸ ਦੌਰ ਵਿੱਚੋਂ ਭੱਜਣ ਦਾ ਰਸਤਾ ਲੱਭ ਰਹੀ ਸੀ ਅਤੇ ਅਕਸਰ ਖ਼ੁਦ ਨੂੰ ਕਹਿੰਦੀ ਸੀ ਕਿ ਉਸ ਨੂੰ ਬੱਸ ਨਸ਼ੇ ਵਿੱਚ ਗੁਆਚੇ ਰਹਿਣਾ ਹੈ।

### ਸਰੀਰਕ ਤੇ ਮਾਨਸਿਕ ਸਿਹਤ 'ਤੇ ਪਿਆ ਮਾੜਾ ਅਸਰ

ਅਦਾਕਾਰਾ ਨੇ ਖ਼ੁਲਾਸਾ ਕੀਤਾ ਕਿ ਇੱਕ ਸਮੇਂ ਬਾਅਦ ਉਸ ਨੂੰ ਅਹਿਸਾਸ ਹੋਇਆ ਕਿ ਸ਼ਰਾਬ ਉਸ ਦੀ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਵਿਗਾੜ ਰਹੀ ਹੈ। ਉਸ ਨੇ ਦੱਸਿਆ ਕਿ ਹੈਂਗਓਵਰ ਕਾਰਨ ਉਹ ਚਿੜਚਿੜੀ ਅਤੇ ਗੁੱਸੇਖ਼ੋਰ ਹੋ ਰਹੀ ਸੀ। ਹੱਦ ਤਾਂ ਉਦੋਂ ਹੋ ਗਈ ਜਦੋਂ ਉਸ ਦੇ ਸਰੀਰ ਵਿੱਚੋਂ ਅਜੀਬ ਜਿਹੀ ਬਦਬੂ ਆਉਣ ਲੱਗ ਪਈ। ਇਸ ਅਹਿਸਾਸ ਨੇ ਉਸ ਲਈ 'ਵੇਕਅੱਪ ਕਾਲ' ਦਾ ਕੰਮ ਕੀਤਾ ਅਤੇ ਉਸ ਨੇ ਤੁਰੰਤ ਸ਼ਰਾਬ ਛੱਡਣ ਦਾ ਫੈਸਲਾ ਕੀਤਾ। ਪਿਛਲੇ ਡੇਢ ਸਾਲ ਤੋਂ ਉਸ ਨੇ ਸ਼ਰਾਬ ਨੂੰ ਹੱਥ ਤੱਕ ਨਹੀਂ ਲਾਇਆ ਹੈ ਅਤੇ ਹੁਣ ਉਹ ਪੂਰੀ ਤਰ੍ਹਾਂ ਆਪਣੇ ਕੰਮ 'ਤੇ ਧਿਆਨ ਦੇ ਰਹੀ ਹੈ।

LEGAL & BUSINESS SOLUTIONS FOR NRI'S
Property • Family • Business • Taxation Matters

ਪੰਜਾਬ ਵਿਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# –ਰਾਜਨੀਤਿਕ ਹਾਦਸੇ–
# ਵਿਧਾਨ ਸਭਾ ਚੋਣਾਂ–2026 ਤਿੰਨ ਵੱਡੇ ਹਾਦਸਿਆਂ ਵਜੋਂ ਜਾਣੀਆਂ ਜਾਣਗੀਆਂ



–ਮਮਤਾ ਬੈਨਰਜੀ ਦੀ ਹਾਰ
–ਕੇਰਲਮ ਵਿੱਚ ਕਾਂਗਰਸ ਦੀ ਜਿੱਤ
–ਤਾਮਿਲਨਾਡੂ ਵਿੱਚ ਥਲਪਤੀ ਵਿਜੇ ਦਾ ਉਦੈ

27 ਅਕਤੂਬਰ 2024 ਨੂੰ ਆਪਣੀ ਪਹਿਲੀ ਰਾਜਸੀ ਰੈਲੀ ਕਰਨ ਵਾਲਾ ਥਲਪਤੀ ਵਿਜੇ ਇਸ ਤਰ੍ਹਾਂ ਉਭਰੇਗਾ ਕਿਸੇ ਨੇ ਸੋਚਿਆ ਵੀ ਨਹੀਂ ਸੀ।

ਸਿਰਫ਼ ਇਕ ਪ੍ਰਦੀਪ ਵਾਲਾ ਓ ਿ ਣ ਟ ਫੋਲਲ ਉਸ ਨੂੰ ਸੌ ਤੋਂ ਵੱਧ ਸੀਟਾਂ ਦੇ ਰਿਹਾ ਸੀ ਤਾਂ ਬਹੁਤੇ ਪੱਤਰਕਾਰ ਉਸਨੂੰ ਮਜ਼ਾਕ ਕਰ ਰਹੇ ਸਨ। ਪਰ ਉਹੀ ਸਹੀ ਨਿਕਲਿਆ।

ਭੇਵ ਕੁ ਸਾਲ ਪਹਿਲਾਂ ਹੋਈ ਵਿਜੇ ਦੀ ਰੈਲੀ ਵਿੱਚ 3 ਲੱਖ ਲੋਕ ਇਕੱਠੇ ਹੋਏ ਸਨ। ਇਹ ਸਰਕਾਰੀ ਅੰਕੜੇ ਹਨ ਪਰ ਕਈ ਮੀਡੀਆ ਰਿਪੋਰਟਾਂ ਤਾਂ ਕਹਿ ਰਹੀਆਂ ਨੇ ਕਿ 10 ਲੱਖ ਤੋਂ ਵੱਧ ਲੋਕ ਇਕੱਠੇ ਹੋਏ ਸਨ।...

ਉੱਥੇ ਇੱਕ ਫਿਲਮ ਸਟਾਰ ਹਲਕੀ ਜਿਹੀ ਵਾਈਟ ਡਰੈਸ ਪਾ ਕੇ ਦੌੜਦਾ ਹੋਇਆ ਸਟੇਜ ਤੇ ਚੜ੍ਹਦਾ ਹੈ ਅਤੇ ਪਹਿਲੇ ਹੀ ਭਾਸ਼ਣ ਨਾਲ ਤਾਮਿਲਨਾਡੂ ਦਾ ਰਾਜਨੀਤਿਕ ਮੌਸਮ ਬਿਲਕੁਲ ਬਦਲ ਦਿੰਦਾ ਹੈ॥



ਇਕ ਠੜਖ ਨਾਮ ਦੀ ਨਵੀਂ ਪਾਰਟੀ ਦਾ ਉਦੈ ਹੁੰਦਾ ਹੈ! ਇਸ ਪਾਰਟੀ ਨੂੰ ਬਣਾਉਣ ਵਾਲੇ ਨੇਤਾ ਦਾ ਨਾਮ ਸੀ ਵਿਜੇ ਜੋਸਫ਼ ਚੰਦਰਸ਼ੇਖਰ। ਜਦੋਂ 2026 ਦੀਆਂ ਚੋਣਾਂ ਸ਼ੁਰੂ ਹੋਈਆਂ ਤਾਂ ਬਹੁਤੇ ਲੋਕ ਉਸਨੂੰ ਸਿਰਫ਼ ਵੋਟ–ਕਟੂਆ ਪਾਰਟੀ ਹੀ ਕਹਿ ਰਹੇ ਸਨ।...ਉਸ ਨੇ ਰੈਲੀ ਵਿੱਚ ਐਲਾਨ ਕੀਤਾ ਸੀ ਕਿ ਉਹ ਸਮਾਜਿਕ ਨਿਆਂ ਲਈ ਹੈ। ਉਸ ਨੇ ਕਿਹਾ ਕਿ ਮੈਂ ਪੇਰੀਆਰ ਦੇ ਸਿਧਾਂਤ 'ਤੇ ਚੱਲਾਂਗਾ। ਉਸਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਅਤੇ ਕਾਮਰਾਜ ਦਾ ਨਾਮ ਵੀ ਲਿਆ ਅਤੇ ਕਿਹਾ ਸਾਡੀ ਪਾਰਟੀ ਦੇ ਸਿਧਾਂਤ ਇਹਨਾਂ ਮਹਾਂ ਪੁਰਖਾਂ ਵਾਲੇ ਹਨ। ਪਰ ਨਾਲ ਹੀ ਉਸ ਨੇ ਕਿਹਾ ਕਿ ਮੈਂ ਪੇਰੀਆਰ ਵਾਂਗ ਨਾਸਤਿਕ ਨਹੀਂ ਹਾਂ! ਮੈਂ ਆਸਤਕ ਹਾਂ! ਪਰ ਉਹਨਾਂ ਦੇ ਸਿਧਾਂਤ ਤੇ ਚੱਲਾਂਗਾ। ਦਰਾਵੜ ਸਮਾਜ ਦੇ ਸਮਾਜਿਕ ਨਿਆਂ ਲਈ ਕੰਮ ਕਰਾਂਗਾ।

ਇੱਕ ਵਾਰ ਉਸ ਦੀ ਇੱਕ ਰੈਲੀ ਵਿੱਚ 10 ਹਜ਼ਾਰ ਲੋਕਾਂ ਦੇ ਇਕੱਠ ਦੀ ਵਿਵਸਥਾ ਕੀਤੀ ਗਈ ਸੀ। ਜਦੋਂ ਕਿ 27000 ਲੋਕ ਇਕੱਠੇ ਹੋ ਗਏ ਸਨ। ਉਹ ਆਪ ਛੇ ਘੰਟੇ ਲੇਟ ਪਹੁੰਚਿਆ। ਭਗਦੜ ਮੱਚੀ। 41 ਲੋਕਾਂ ਦੀ ਜਾਨ ਚਲੀ ਗਈ। ਉਸ ਨੇ ਉਥੋਂ ਜਲਦੀ ਜਲਦੀ ਨਿਕਲਣਾ ਮੁਨਾਸਿਬ ਸਮਝਿਆ ਤੇ ਉਹ ਨਿਕਲ ਗਿਆ। ਅਗਲੇ ਦਿਨ ਮੀਡੀਆ ਵਿੱਚ ਉਸ ਦੀ ਬਹੁਤ ਆਲੋਚਨਾ ਹੋਈ।


ਅਗਲੇ ਦਿਨ ਉਸਨੇ ਮਰਨ ਵਾਲਿਆਂ ਪ੍ਰਤੀ ਸੰਵੇਦਨਾ ਪ੍ਰਗਟ ਕਰਦੇ ਹੋਏ ਉਨ੍ਹਾਂ ਦੇ ਪਰਿਵਾਰਾਂ ਲਈ 20–20 ਲੱਖ ਰੁਪਏ ਦੀ ਸਹਾਇਤਾ ਦਾ ਐਲਾਨ ਕਰ ਦਿੱਤਾ।....



ਹੁਣ ਚੋਣ ਨਤੀਜਿਆਂ ਨੇ ਅੰਨਾ ਡੀ.ਐੱਮ.ਕੇ. ਅਤੇ ਡੀ.ਐੱਮ.ਕੇ. ਵਿੱਚਕਾਰ ਖੇਡੀ ਜਾ ਰਹੀ ਸੱਤਾ ਦੀ ਖੇਡ ਖਤਮ ਕਰ ਦਿੱਤੀ ਹੈ। ਜੋ ਕਰੀਬ ਸੱਤ ਦਹਾਕਿਆਂ ਤੋਂ ਚੱਲੀ ਆ ਰਹੀ ਸੀ। ਇਸ ਸਿਆਸੀ ਖੇਡ 'ਤੇ ਆਖ਼ਰਕਾਰ ਫ਼ਿਲਮ ਅਦਾਕਾਰ ਤੋਂ ਸਿਆਸਤਦਾਨ ਬਣੇ ਜੋਸਫ਼ ਵਿਜੇ ਨੇ 'ਬਲਾਕਬਸਟਰ ਬ੍ਰੇਕ' ਲਗਾ ਦਿੱਤੀ। ਸਪੱਸ਼ਟ ਬਹੁਮਤ ਤੋਂ ਕੁਝ ਕਦਮ ਪਿੱਛੇ ਰਹਿਣ ਦੇ ਬਾਵਜੂਦ ਟੀਵੀਕੇ (ਤਾਮਿਲਗਾ ਵੇਤਰੀ ਕੜਗਮ) ਦੀ ਜਿੱਤ ਇਤਿਹਾਸਕ ਹੈ, ਕਿਉਂਕਿ 59 ਸਾਲਾਂ ਬਾਅਦ ਪਹਿਲੀ ਵਾਰ ਕਥਿਤ ਦਰਾਵਿੜ ਮਾਡਲ 'ਤੇ ਸਿਆਸਤ ਕਰਨ ਵਾਲੇ ਦਲਾਂ ਦੀ ਪਕੜ ਵਿੱਚੋਂ ਇਹ ਸੂਬਾ ਬਾਹਰ ਨਿਕਲਿਆ ਹੈ। ਸਕ੍ਰੀਨ ਦਾ ਇਹ ਅਦਾਕਾਰ ਪ੍ਰਸ਼ਾਸਨਿਕ–ਰਾਜਨੀਤੀ ਦੀ "ਅਦਾਕਾਰੀ" ਵਿਚ ਕਿੰਨਾ ਸਫ਼ਲ ਹੋਵੇਗਾ? ਇਹ ਸਮਾਂ ਦੱਸੇਗਾ।

–ਲਖਵਿੰਦਰ ਜੌਹਲ

# ਲਾਲ ਸੂਹਾ ਚੂੜਾ



"ਮੰਮੀ ਜੀ ਭੱਜ ਕੇ ਆਇਓ, ਦੇਖਿਓ ਇਹਨਾਂ ਨੂੰ ਕੀ ਹੋ ਗਿਆ" ਪ੍ਰੀਤ ਨੇ ਚੀਕ ਕੇ ਕਿਹਾ।

"ਹਾਏ ਵੇ ਪੁੱਤ ਵੇ ਕੀ ਹੋ ਗਿਆ ਤੈਂਨੂੰ, ਦਸ ਮਿੰਟ ਪਹਿਲਾਂ ਤਾਂ ਚੰਗਾ ਭਲਾ ਸੀ। ਕੁੜੇ ਕੀ ਕਰਤਾ ਕਲਿਹਣੀਏਂ ਮੇਰੇ ਸਿਓਨੇ ਵਰਗੇ ਪੁੱਤ ਨੂੰ"

"ਮੰਮੀ ਜੀ ਮੈਂ ਨੀ ਕੁਝ ਕੀਤਾ, ਮੈਂ ਤਾਂ ਹੁਣੇ ਤੁਹਾਨੂੰ ਚਾਹ ਫੜਾ ਕੇ ਆਈ ਆ, ਇਹਨਾਂ ਵਾਸਤੇ ਚਾਹ ਲਿਆਈ ਸੀ, ਦੇਖਿਆ ਡਿੱਗੇ ਪੈ ਸੀ ਫਰਸ਼ 'ਤੇ"

"ਹਾਏ ਵੇ ਲੋਕੋ ਵੇ ਬਚਾ ਲੋ ਮੇਰੇ ਸਿਓਨੇ ਵਰਗੇ ਪੁੱਤ ਨੂੰ, ਵੇ ਮੈਂ ਪੱਟੀ ਗਈ ਵੇ, ਹਾਏ ਵੇ ਰੱਬਾ ਵੇ ਕੀ ਕਰਤਾ ਵੇ"

"ਚਾਚੀ ਕੀ ਹੋਇਆ?"

"ਵੇ ਬੱਗੇ ਦੇਖ ਤੇਰੇ ਵੀਰ ਨੂੰ ਕੀ ਹੋ ਗਿਆ, ਭੱਜ ਕੇ ਗੱਡੀ ਲਿਆ ਮੇਰਾ ਪੁੱਤ"

"ਹਾਂ ਚਾਚੀ ਹੁਣੇ ਆਇਆ ਬਸ"

ਬੱਗਾ ਗੱਡੀ ਲੈਣ ਘਰੇ ਗਿਆ ਆਪਣੀ ਮੰਮੀ ਨੂੰ ਵੀ ਲੈ ਆਇਆ ਤੇ ਨਾਲੇ ਪੈਸੇ ਚੱਕ ਲਿਆਇਆ।

"ਭਾਬੀ ਸਿਰ ਵਾਲੇ ਪਾਸਿਓਂ ਹੱਥ ਪਾ, ਗੱਡੀ ਚ ਪਾਈਏ ਵੀਰ ਨੂੰ"

ਬੱਗਾ, ਉਸਦੀ ਮੰਮੀ ਤੇ ਚਾਚੀ ਗੱਡੀ ਚ ਬੈਠ ਗਏ ਤੇ ਪ੍ਰੀਤ ਘਰੇ ਰਹੀ। ਹਸਪਤਾਲ ਪਹੁੰਚਦੇ ਹੀ ਡਾਕਟਰ ਨੇ ਨਸ਼ੇ ਦੀ ਓਵਰਡੋਜ਼ ਕਾਰਨ ਪ੍ਰੀਤ ਦੇ ਪਤੀ ਨੂੰ ਮ੍ਰਿਤਕ ਕਹਿ ਕੇ ਘਰ ਮੋੜ ਦਿੱਤਾ। ਜਿਸ ਘਰ ਵਿੱਚ ਦੋ ਮਹੀਨੇ ਪਹਿਲਾਂ ਘੋੜੀਆਂ ਗਾਈਆਂ ਗਈਆਂ ਸੀ ਅੱਜ ਉਸ ਘਰ ਵਿਚ ਸੱਥਰ ਵਿਛ ਗਿਆ।



ਪ੍ਰੀਤ ਦੇ ਹੱਥ ਦਾ ਚੂੜਾ ਉਤਾਰ ਦਿੱਤਾ ਗਿਆ। ਉਹ ਚੂੜਾ ਦੇਖਣ ਵਿਚ ਬੇਸ਼ੱਕ ਨਵਾਂ ਹੀ ਪਿਆ ਸੀ ਪਰ ਉਸਦਾ ਰੰਗ ਸ਼ਗਨਾਂ ਵਾਲੀ ਰਾਤ ਹੀ ਫਿੱਕਾ ਪੈ ਗਿਆ ਸੀ ਜਦੋਂ ਫੁੱਲਾਂ ਵਿਛੀ ਸੇਜ 'ਤੇ ਤੋੜ ਨਾਲ ਤੜਫਦੇ ਆਪਣੇ ਪਤੀ ਨੂੰ ਮਜ਼ਬੂਰੀ ਵੱਸ ਖੁਦ ਅਲਮਾਰੀ ਚੋ ਕੱਢਕੇ ਚਿੱਟਾ ਦਿੱਤਾ ਸੀ। ਉਸਨੂੰ ਆਪਣੀਆਂ ਡਿਗਰੀਆਂ ਲਟ ਲਟ ਕਰਕੇ ਬਲਦੀਆਂ ਦਿਸ ਰਹੀਆਂ ਸੀ। ਉਸਤੋਂ ਬਾਦ ਇੱਕ ਵੀ ਰਾਤ ਅਜਿਹੀ ਨਾ ਆਈ ਜਦੋਂ ਉਹ ਪਤੀ ਨਾਲ ਮਿਲ ਸੁਪਨੇ ਬੁਣ ਸਕਦੀ। ਉਹ ਲਾਲ ਸੂਹਾ ਚੂੜਾ ਉਸਦੇ ਸਰੀਰ ਦਾ ਤਾਂ ਕੀ ਮਨ ਦਾ ਵੀ ਸਾਥੀ ਨਾ ਬਣ ਸਕਿਆ, ਉਸ ਨਾਲ ਉਸਦਾ ਦਮ ਘੁੱਟਦਾ ਸੀ ਅਤੇ ਅੱਜ ਉਹ ਚੂੜਾ ਉਤਾਰ ਦਿੱਤਾ ਗਿਆ ਸੀ।

ਭੋਗ ਤੋਂ ਦੋ ਦਿਨ ਪਹਿਲਾਂ ਦੋਵੇਂ ਧਿਰਾਂ 'ਕੱਠੀਆਂ ਹੋਈਆਂ। ਵਿਚਾਰਾਂ ਚੱਲ ਰਹੀਆਂ ਸੀ ਕਿ ਪ੍ਰੀਤ ਦਾ ਕਿਵੇਂ ਕੀਤਾ ਜਾਵੇ। ਸੱਸ ਰੱਖਕੇ ਖੁਸ਼ ਨਹੀਂ ਸੀ ਤੇ ਪੇਕਿਆਂ ਨੇ ਗਰੀਬੀ ਕਰਕੇ ਪਹਿਲਾਂ ਹੀ ਮੁਸ਼ਕਿਲ ਨਾਲ ਵਿਆਹੀ ਸੀ। ਜਦੋਂ ਕੋਈ ਗੱਲ ਸਿਰੇ ਨਾ ਲੱਗੀ ਤਾਂ ਸਰਪੰਚ ਨੇ ਕਿਹਾ,"ਭਾਈ ਮੇਰੀ ਰਾਇ ਮੰਨੋ ਤਾਂ ਕੁੜੀ ਨੂੰ ਪੁੱਛੋ ਉਹ ਕੀ ਚਾਹੁੰਦੀ ਏ ?"

ਸਰਪੰਚ ਦੇ ਕਹਿਣ 'ਤੇ ਪ੍ਰੀਤ ਦੀ ਰਾਇ ਲਈ ਗਈ। ਪ੍ਰੀਤ ਪਹਿਲਾਂ ਤਾਂ ਚੁੱਪ ਕਰਕੇ ਬੈਠੀ ਰਹੀ ਪਰ ਜਦੋਂ ਬੱਗਾ ਆ ਕੇ ਬੈਠ ਗਿਆ ਤਾਂ ਇੱਕ ਵਾਰ ਉਸਨੇ ਬੱਗੇ ਵੱਲ 'ਤੇ ਫਿਰ ਸਾਰੀ ਪੰਚਾਇਤ ਵੱਲ ਦੇਖਿਆ। ਬੱਗਾ ਪੜਿਆ ਲਿਖਿਆ ਪ੍ਰੀਤ ਦੇ ਤਾਏ ਸਹੁਰੇ ਦਾ ਮੁੰਡਾ ਸੀ। ਉਹ ਪਿੰਡ ਵਿੱਚ ਪੰਚਾਇਤ ਦੀ ਮਦੱਦ ਨਾਲ ਲਾਇਬਰੇਰੀ ਵੀ ਚਲਾ ਰਿਹਾ ਸੀ, ਜਿੱਥੋਂ ਉਹ ਪ੍ਰੀਤ ਨੂੰ ਪੜਣ ਲਈ ਕਿਤਾਬਾਂ ਲਿਆ ਕੇ ਦਿੰਦਾ ਸੀ।

ਪ੍ਰੀਤ ਨੇ ਇੱਕ ਵਾਰ ਫਿਰ ਬੱਗੇ ਵੱਲ ਆਸਵੰਦ ਹੋ ਕੇ ਦੇਖਿਆ ਤੇ ਬੋਲੀ," ਜੀ ਮੈਂ ਕੀ ਦੱਸ ਸਕਦੀ ਹਾਂ, ਤੁਸੀਂ ਇੱਕ ਵਾਰ ਬੱਗੇ ਨੂੰ ਪੁੱਛ ਲਵੋ"।

ਸਾਰੀ ਪੰਚਾਇਤ ਤੇ ਖੁਦ ਬੱਗਾ ਉਸਦੇ ਇਸ ਤਰ੍ਹਾਂ ਬੋਲਣ ਤੇ ਹੈਰਾਨ ਰਹਿ ਗਏ। ਬੱਗਾ ਜੋ ਦਿਲੋਂ ਪ੍ਰੀਤ ਦਾ ਸਤਿਕਾਰ ਕਰਦਾ ਸੀ ਤੇ ਪ੍ਰੀਤ ਦੀ ਖੋਟੀ ਕਿਸਮਤ ਤੇ ਝੁਰਦਾ ਵੀ ਸੀ ਕੁਝ ਸੋਚਕੇ ਖੜਾ ਹੋਇਆ ਤੇ ਬੋਲਿਆ,"ਜੀ ਪ੍ਰੀਤ ਸਾਡੇ ਘਰਦੀ ਇੱਜ਼ਤ ਹੈ ਤੇ ਸਾਡੇ ਘਰ ਦੀ ਇੱਜ਼ਤ ਹੀ ਰਹੂਗੀ"

ਪ੍ਰੀਤ ਬੱਗੇ ਦੇ ਮੂੰਹੋਂ ਭਾਬੀ ਦੀ ਥਾਂ ਆਪਣਾ ਨਾਮ ਸੁਣਕੇ ਉੱਠਕੇ ਅੰਦਰ ਜਾਣ ਲੱਗੀ। ਬੱਗੇ ਨੇ ਦੇਖਿਆ ਪ੍ਰੀਤ ਦੀ ਤੋਰ ਵਿੱਚ ਅੱਜ ਵੱਖਰੀ ਰਵਾਨਗੀ ਸੀ। ਲੱਗਦਾ ਸੀ ਲਾਲ ਸੂਹੇ ਚੂੜੇ ਨਾਲ ਉਸਨੇ ਪੈਰ 'ਚ ਬੱਝੀ ਸਮਾਜਿਕ ਬੰਧਨ ਦੀ ਜ਼ੰਜੀਰ ਵੀ ਉਤਾਰ ਦਿੱਤੀ ਹੋਵੇ।

ਲਿਖਤ– ਰਾਜਦੀਪ ਕੌਰ ਖਾਲਸਾ

## ਭਲਾ ਦੱਸ ਹਾਂ ?

ਧੁੰਨੀ ਤੋਂ ਨੰਗਾਂ ਤੇਰਾ ਢਿੱਡ ਹੁੰਦਾ
ਪੱਟਾਂ ਤੋਂ ਪਾਟੀ ਤੇਰੀ ਪੈਂਟ ਹੁੰਦੀ
ਗੱਲ ਅੱਕ ਤੋਂ ਵੀ ਕੌੜੀ ਐ ਬੁਰੀ ਲੱਗੂਗੀ
ਭਲਾ ਦੱਸ ਹਾਂ ?
ਇੰਜ਼ ਕਿਹੜੀ ਇੱਜ਼ਤ ਹੁੰਦੀ।

ਸਿਰ ਤੋਂ ਸਰਕਾ ਲੀੜਾ ਮੋਢਿਆਂ ਤੇ ਕੀਤਾ
ਪਾ ਧੁੰਨੀ ਚ ਕੋਕਾ ਤੁਰੀ ਫ਼ਿਰੇ
ਸੂਲ ਦੇ ਵਾਂਗ ਗੱਲ ਚੁੰਭਵੀ ਲੱਗੂਗੀ
ਭਲਾ ਦੱਸ ਹਾਂ ?
ਫੈਸ਼ਨ ਦੀ ਇਹ ਕੀ ਰੁੱਤ ਹੁੰਦੀ

ਵਾਲਾਂ ਦੇ ਤੂੰ ਨਵੇਂ ਹੀ ਕੱਟ ਪਵਾ ਲਏ
ਪਹਿਲਾਂ ਕੀਤੀ ਪੋਨੀ ਫਿਰ ਹੋਈ ਘੋਨੀ
ਕਿੱਥੇ ਕੁ ਜਾ ਕੇ ਇਸ ਦੌਰ ਨੂੰ ਛੱਡੂਗੀ
ਭਲਾ ਦੱਸ ਹਾਂ ? ਸਾਬਤ ਸੂਰਤ 'ਚ
ਨੀ ਇੱਜ਼ਤ ਹੁੰਦੀ

ਇਸ ਤੋਂ ਅੱਗੇ ਕੀ ਰਹਿ ਗਿਆ ਹੁਣ ਬਾਕੀ ਏ
ਆ ਆਖੇ ਲੱਗ ਅਕਲ ਨੂੰ ਹੱਥ ਮਾਰ
ਵੇਖ ਲੋਕ ਤੈਨੂੰ ਧੀ ਜੰਮਣੋਂ ਹੱਟ ਗਏ ਨੇ
ਅੱਧ ਨੰਗੇ ਸਰੀਰ ਦੀ ਨੀ ਕਦੇ ਸਿਫ਼ਤ ਹੁੰਦੀ।

ਵੜੈਚ ਸੁਣ ਚੁੰਘ ਸੁੱਖੀ ਸੁਖਬੀਰ ਗੱਲ ਆਖੀ ਏ
ਇੱਜ਼ਤ ਵਾਲੇ ਲਿਬਾਸ ਦੀ ਇੱਜ਼ਤ ਹੁੰਦੀ
ਕਿਉਂ ਕੱਪੜੇ ਤੇਰੇ ਪਾਉਣ ਨੂੰ ਫ਼ਟ ਗਏ ਨੇ
ਸੱਚ ਜਾਣੀ ਢੱਕੇ ਤਨ ਦੀ ਹੈ ਇੱਜ਼ਤ ਹੁੰਦੀ॥

ਸੁਖਬੀਰ ਕੌਰ ਸੁੱਖੀ।

# ਧੀਆਂ ਕੇ ਰੌਣਕਾਂ



ਘਰ ਦੀਆਂ ਰੌਣਕਾਂ, ਬਸੰਤ ਬਹਾਰਾ, ਖ਼ੁਸ਼ੀਆਂ, ਪਰੀਆਂ ਖੌਰੇ ਕਿੰਨੇ ਸਬਦ ਨੇ ਜੋ ਧੀਆਂ ਦੇ ਨਾਂ ਬਣ ਜਾਂਦੇ ਨੇ। ਰੌਣਕ ਸਬਦ ਹੋਰ ਖੁਸ਼ੀ ਦੇਂਦਾ ਜਦੋਂ ਧੀ ਨਾਲ ਜੁੜ ਜਾਂਦਾ। ਨਿੱਕੀਆਂ ਨਿੱਕੀਆਂ ਗੁੱਡੀਆਂ ਨਾਲ ਖੇਡਦੀਆਂ ਕਦੋਂ ਵੱਡੀਆਂ ਹੋ ਜਾਂਦੀਆਂ ਸੱਚੀ ਪਤਾ ਹੀ ਨਹੀਂ ਲੱਗਦਾ।

ਸੱਚ ਤਾਂ ਇਹ ਵੀ ਹੈ ਜਦੋਂ ਧੀ ਜਨਮ ਲੈਂਦੀ ਹੈ ਇੱਕ ਵਾਰ ਤਾਂ ਸਭ ਪਾਸੇ ਖਾਮੋਸੀ ਜਿਹੀ ਛਾ ਜਾਂਦੀ ਹੈ ਪਰ ਉਹ ਇੱਕ ਛੋਟਾ ਜਿਹਾ ਫੇਜ ਹੁੰਦਾ ਲਾਇਫ ਚ ਬਸ ,ਕੁਝ ਕੁ ਦਿਨ ਜੋ ਬਹੁਤਿਆਂ ਨਾਲ ਵਾਪਰਦਾ ਹੈ। ਫਿਰ ਜਦੋਂ ਉਸ ਦੇ ਤੋਤਲੇ ਬੋਲ ਘਰ ਚ ਗੂੰਜਣ ਲੱਗਦੇ ਨੇ ਉਸ ਦੀਆਂ ਕਿਲਕਾਰੀਆਂ ਤਾਂ ਘਰ ਆਪ ਮੁਹਾਰੇ ਨੱਚਦਾ ਨਜਰ ਆਉਂਦਾ। ਮਾਂ ਨਾਲੋਂ ਵੀ ਜ਼ਿਆਦਾ ਪਿਤਾ ਦਾ ਪਿਆਰ ਹੁੰਦਾ ਧੀ ਨਾਲ। ਮਾਂ ਜੇ ਕਦੇ ਡਾਂਟ ਦੇਵੇ ਪਿਤਾ ਫਟਾਫਟ ਧੀ ਦੇ ਵੱਲ ਦੀ ਗੱਲ ਕਰੇਂਗਾ। ਇਹੀ ਗੱਲ ਦਾਦੀ ਬਾਬੇ ਦੀ ਹੁੰਦੀ ਹੈ। ਧੀਆਂ ਪਿਆਰ ਬਹੁਤ ਲੈਂਦੀਆਂ। ਮੇਰੀ ਵੀ ਆਈ ਹੈ ਹੁਣ ਹੋਸਟਲ ਚੋ ਘਰ ਮੰਨੋ ਭਰਿਆ ਭਰਿਆ ਹੈ। ਹਰ ਪਾਸੇ ਰੌਣਕ ਹੀ ਰੌਣਕ। ਘਰ ਦੇ ਕਿੰਨੇ ਹੀ ਨਿੱਕੇ ਨਿੱਕੇ ਕੰਮ ਅੱਖ ਦੇ ਫੇਰ ਚ ਕਰ ਦੇਦੀ ਏ। ਦਾਦਾ ਦਾਦੀ ਦੇ ਆਲੇ ਦੁਆਲੇ ਘੁੰਮਦੀ ਰਹਿੰਦੀ ਹੈ ਉਹ ਵੀ ਖੁਸ਼ ਰਹਿੰਦੇ ਨੇ ਹੁਣ। ਸਾਰਾ ਦਿਨ ਘਰ ਚ ਹੱਸਣ ਖੇਡਣ ਦੀ ਨੱਚਣ ਦੀ ਆਵਾਜ਼ ਆਉਂਦੀ ਰਹਿੰਦੀ ਹੈ ਹੁਣ।

ਜਦੋਂ ਸਰਦਾਰ ਜੀ ਆਫਿਸ ਤੋਂ ਆਉਦੇ ਨੇ ਨਾਲ ਭਰੇ ਲਿਫਾਫੇ ਚੁੱਕੇ ਹੁੰਦੇ ਨੇ ਕਿੱਥੇ ਮੇਰਾ ਭਾਈ ਮਾਂ ਦੀ ਆਵਾਜ਼ ਭਾਵੇ ਨਾ ਸੁਣੇ ਆ ਤੂੰਟੀਆ ਜਿਹੀਆਂ ਕੰਨਾ ਚ ਲਾਈ ਹੋਣ ਤੇ ਲਾਗੇ ਬੈਠੀ ਦੀ ਵੀ ਪਰ ਪਿਤਾ ਦੀ ਕਾਰ ਦੀ ਆਵਾਜ਼ ਸੁਣ ਫੱਟ ਭੱਜ ਕੇ ਬਾਹਰ। ਹੱਸਦੀ ਜ਼ਰੂਰ ਹਾਂ ਇਹ ਵੇਖ ਕੇ। ਪਿਓ ਧੀ ਦਾ ਰਿਸ਼ਤਾ ਹੁੰਦਾ ਹੀ ਬਹੁਤ ਪਿਆਰਾ ਹੈ।

ਖੈਰ ਪਿਆਰ ਤੇ ਮਾਂ ਨੂੰ ਵੀ ਕਰਦੀਆਂ ਨੇ ਬਹੁਤ। ਅਜੇ ਰਾਤ ਦੀ ਗੱਲ ਹੈ ਪਤਾ ਸੀ ਮਾਂ ਥੱਕ ਗਈ ਹੈ। ਆਖਦੀ ਹੈ ਜਾਓ ਅਪਣੇ ਰੂਮ ਵਿੱਚ ਇੱਕ ਸਰਪ੍ਰਾਈਜ਼ ਹੈ। ਸਰਸਰਾ ਜਿਹਾ ਆਖ ਦਿੱਤਾ ਚੰਗਾ ਜਾਣੀਆਂ।



ਜਦੋਂ ਅੰਦਰ ਗਈ ਕੀ ਦੇਖਦੀ ਹਾਂ ਗਰਮ ਪਾਣੀ ਟੱਬ ਚ ਪਾ ਕੇ ਰੱਖਿਆ ਬੈਡ ਲਾਗੇ। ਚਲੋ ਮੋਮੀ ਪੈਰ ਰੱਖੋ ਟੱਬ ਚ ਰਿਲੈਕਸ ਹੋ ਜਾਓ। ਕਿਵੇਂ ਉਸ ਨੇ ਪੈਰ ਧੋਤੇ ,ਸਕਰਬ ਕੀਤਾ ,ਪੈਰ ਪੂੰਝ ਪੋਲੇ ਪੋਲੇ ਹੱਥਾਂ ਨਾਲ ਮਸਾਜ ਕੀਤੀ ਸਾਰੀ ਥਕਾਨ ਲੱਥ ਗਈ। ਉਹ ਪੈਰ ਧੋਦੀ ਸੀ ਤੇ ਮੈਂ ਰੋਦੀ ਸਾ। ਧੀਆਂ ਵੀ ਕਿੱਥੋਂ ਲੱਭਦੀਆ?? ਕਰਮਾਂ ਵਾਲਿਆ ਨੂੰ ਮਿਲਦੀਆਂ ਧੀਆਂ। ਰੱਬ ਵੀ ਇਹਨਾਂ ਨੂੰ ਧਰੇਕਾ ਵਾਂਗ ਚੇਤੀ ਵੱਡਿਆਂ ਕਰ ਦੇਦਾ ਤੇ ਫਿਰ ਅੱਖਾਂ ਦੇ ਫੇਰ ਚ ਵੱਡੀਆਂ ਹੋ ਜਾਂਦੀਆਂ ਨੇ। ਇਹ ਭੋਲੀਆਂ ਚਿੜੀਆਂ ਖੁਸ਼ ਵੀ ਇੱਕ ਮਿੰਟ ਚ ਹੋ ਜਾਂਦੀਆਂ। ਕੰਮ ਕਰਦੀ ਕਰਦੀ ਆਖਦੀ ...ਅਖੇ ਅਪਣੇ ਸਾਰੇ ਸੂਟ ਮੈਨੂੰ ਦੇ ਦੋ। ਮੈਂ ਆਖਿਆ ਪੁਰਾਣੇ ਕਿਓ ਲੈਣੇ ਨਵੇ ਲੈ ਦਵਾਂਗੀ। ਨਹੀਂ ਉਹਦੇ ਚ ਤੁਹਾਡਾ ਪਿਆਰ ਨਿੱਘ ਤੇ ਛੋਹ ਥੋੜਾ ਹੋਣੀ ਗੱਲ ਸੁਣ ਅੱਖਾਂ ਚੋਂ ਪਾਣੀ ਵਹਿ ਤੁਰਿਆ।

ਰੋਈ ਕਿਓ ਜਾਦੇ ... ਕੁਝ ਨਹੀ ਕਹਿ ਗਲ ਨਾਲ ਲਾ ਲਿਆ ਨਾ ਕਰਿਆ ਕਰ ਏਨਾ ਪਿਆਰ। ਧੀਆਂ ਵੱਧ ਥੋੜਾ ਨਾ ਖਾਂਦੀਆਂ ਉਹ ਤਾਂ ਆਪਣੇ ਹਿੱਸੇ ਚੋ ਵੀ ਬੁਰਕੀ ਪਿਆਰ ਨਾਲ ਮਾਂ ਪਿਓ ਦੇ ਮੂੰਹ ਚੋਂ ਪਾਉਂਦੀਆਂ। ਅਖੇ ਮਿੱਠਾ ਕਰ ਦੋ। ਪਰਮਾਤਮਾ ਸਭ ਦੀਆਂ ਧੀਆਂ ਨੂੰ ਅਪਣੇ ਘਰਾਂ ਚੋਂ ਹਮੇਸ਼ਾ ਖੁਸ਼ ਰੱਖਣ। ਸਭ ਦੀਆਂ ਧੀਆਂ ਦੀ ਕਿਸਮਤ ਚੰਗੀ ਲਿਖੀ ਦਾਤਿਆ।

ਸੋਚਦੀ ਹਾਂ ਚਾਹੇ ਸਾਡੀ ਮਾਂ ਨੇ ਵੀ ਤੋਰਿਆ ਸੀ ਸਾਨੂੰ.... ਕਿਵੇਂ ਤੋਰਿਆ ਹੋਣਾ...

ਬੜਾ ਔਖਾ!!!! ਸੋਚ ਕੇ ਹੀ ਹੌਲ ਜਿਹਾ ਪੈਂਦਾ।

ਲਿਖਤ– Naturedeep Kahlon

# ਮੈਂ ਇੱਕ ਛੋਟੀ ਜਿਹੀ ਕਹਾਣੀ ਸੁਣੀ...

ਦੋ ਹਜ਼ਾਰ ਸਾਲ ਪਹਿਲਾਂ ਦੀ ਗੱਲ ਹੈ। ਦੁਸ਼ਮਣਾਂ ਨੇ ਯੂਨਾਨ ਦੇ ਇੱਕ ਨਗਰ ਉੱਤੇ ਜਿੱਤ ਪ੍ਰਾਪਤ ਕੀਤੀ ਅਤੇ ਨਿਵਾਸੀਆਂ ਨੂੰ ਨਗਰ ਛੱਡਣ ਦਾ ਹੁਕਮ ਦਿੱਤਾ। ਹਾਲਾਂਕਿ, ਉਹ ਉਨ੍ਹਾਂ ਦੀ ਬਹਾਦਰੀ ਤੋਂ ਬਹੁਤ ਪ੍ਰਭਾਵਿਤ ਸਨ। ਇਸੇ ਕਾਰਨ ਉਨ੍ਹਾਂ ਨੇ ਇੰਨੀ ਸਹੂਲਤ ਦਿੱਤੀ ਕਿ ਉਹ ਆਪਣੇ ਨਾਲ ਜੋ ਵੀ ਅਤੇ ਜਿੰਨਾ ਵੀ ਲੈ ਜਾ ਸਕਣ, ਲੈ ਜਾਣ।

ਪੂਰਾ ਨਗਰ ਆਪਣਾ–ਆਪਣਾ ਸਾਮਾਨ ਆਪਣੀ ਪਿੱਠ 'ਤੇ ਲੱਦ ਕੇ— ਅਤੇ ਉਸ ਚੀਜ਼ ਲਈ ਰੋਂਦਾ ਹੋਇਆ ਜੋ ਨਹੀਂ ਲੱਦੀ ਆਂ ਜਾ ਸਕੀਆਂ — ਦੂਜੇ ਸ਼ਹਿਰ ਵੱਲ ਜਾ ਰਿਹਾ ਸੀ। ਬੋਝ ਨਾਲ ਸਭ ਦੀ ਕਮਰ ਝੁਕੀ ਜਾ ਰਹੀ ਸੀ, ਪੈਰ ਲੜਖੜਾ ਰਹੇ ਸਨ, ਪਿਆਸ ਨਾਲ ਗਲੇ ਸੁੱਕੇ ਹੋਏ ਸਨ, ਪਰ ਹਰੇਕ ਨੇ ਆਪਣੀ ਸਮਰੱਥਾ ਤੋਂ ਵੱਧ ਬੋਝ ਲੱਦਿਆ ਹੋਇਆ ਸੀ।

ਸੁਭਾਵਿਕ ਹੈ, ਜੇ ਤੁਹਾਡੇ ਪਿੰਡ 'ਤੇ ਦੁਸ਼ਮਣਾਂ ਦਾ ਹਮਲਾ ਹੋ ਜਾਵੇ ਅਤੇ ਫਿਰ ਦੁਸ਼ਮਣ ਕਹਿਣ ਕਿ ਜਿੰਨਾ ਤੁਸੀਂ ਆਪਣੀ ਪਿੱਠ 'ਤੇ ਲੱਦ ਕੇ ਲੈ ਜਾ ਸਕਦੇ ਹੋ, ਬਸ ਉਨਾ ਲੈ ਜਾਓ, ਤਾਂ ਕੀ ਤੁਸੀਂ ਅਜਿਹਾ ਆਦਮੀ ਲੱਭ ਸਕੋਗੇ ਜੋ ਆਪਣੀ ਸਮਰੱਥਾ ਅਨੁਸਾਰ ਭਾਰ ਚੁੱਕੇ? ਹਰ ਕੋਈ ਆਪਣੀ ਸਮਰੱਥਾ ਤੋਂ ਵੱਧ ਲੱਦ ਲਵੇਗਾ। ਜਿਨ੍ਹਾਂ ਨੇ ਕਦੇ ਸਾਮਾਨ ਨਹੀਂ ਢੋਇਆ ਸੀ, ਉਹ ਵੀ ਭਾਰੀ ਗੱਠੜੀਆਂ ਲੱਦੀ ਚੱਲ ਰਹੇ ਸਨ।

ਸੋਨਾ ਸੀ, ਚਾਂਦੀ ਸੀ, ਰੁਪਏ ਸਨ, ਗਹਿਣੇ ਸਨ, ਹੀਰੇ–ਜਵਾਹਰਾਤ ਸਨ ਅਤੇ ਹਜ਼ਾਰ ਤਰ੍ਹਾਂ ਦੀਆਂ ਕੀਮਤੀ ਚੀਜ਼ਾਂ ਸਨ। ਅਤੇ ਉਹ ਰੋ ਵੀ ਰਹੇ ਸਨ, ਕਿਉਂਕਿ ਬਹੁਤ ਕੁਝ ਛੱਡ ਕੇ ਆਉਣਾ ਪਿਆ ਸੀ। ਆਪਣਾ ਪੂਰਾ ਘਰ ਤਾਂ ਲੱਦ ਨਹੀਂ ਸਕਦੇ। ਜੋ ਛੱਡ ਆਏ, ਉਸ ਲਈ ਰੋ ਰਹੇ ਸਨ; ਅਤੇ ਜੋ ਲੈ ਕੇ ਆਏ, ਉਸ ਹੇਠ ਦੱਬੇ ਜਾ ਰਹੇ ਸਨ। ਦੋਵਾਂ ਵਿੱਚ ਮਰਨ ਸੀ। ਛੱਡ ਆਏ ਉਸ ਲਈ ਦੁੱਖ ਸੀ, ਜੋ ਲੈ ਆਏ ਉਸ ਕਾਰਨ ਦੁਖੀ ਹੋ ਰਹੇ ਸਨ।

ਉਸ ਪੂਰੇ ਯਾਤਰੀ–ਦਲ ਵਿੱਚ ਸਿਰਫ਼ ਇੱਕ ਹੀ ਮਨੁੱਖ ਅਜਿਹਾ ਸੀ ਜਿਸ ਕੋਲ ਲੈ ਜਾਣ ਲਈ ਕੋਈ ਸਾਮਾਨ ਨਹੀਂ ਸੀ। ਉਹ ਖਾਲੀ ਹੱਥ, ਸਿਰ ਉੱਚਾ ਚੁੱਕ ਕੇ, ਛਾਤੀ ਤਾਣ ਕੇ ਬੜੀ ਸ਼ਾਂਤੀ ਨਾਲ ਚੱਲ ਰਿਹਾ ਸੀ। ਇੰਨਾ ਹੀ ਨਹੀਂ, ਉਸ ਰੋਂਦੀ ਹੋਈ ਭੀੜ ਵਿੱਚ ਉਹ ਇਕੱਲਾ ਆਦਮੀ ਸੀ ਜੋ ਗੀਤ ਗੁਣਗੁਣਾ ਰਿਹਾ ਸੀ। ਉਹ ਸੀ ਦਾਰਸ਼ਨਿਕ ਬਾਯਸ (Bias)।



ਇੱਕ ਔਰਤ ਨੇ ਬੜੀ ਰਹਿਮ ਭਰੀ ਆਵਾਜ਼ ਵਿੱਚ ਕਿਹਾ, "ਓਹ! ਵਿਚਾਰਾ ਕਿੰਨਾ ਗਰੀਬ ਹੈ। ਇਸ ਕੋਲ ਲੈ ਜਾਣ ਲਈ ਵੀ ਕੁਝ ਵੀ ਨਹੀਂ?"

ਕਿਉਂਕਿ ਭਿਖਾਰੀ ਵੀ ਲੱਦੀ ਫਿਰਦੇ ਸਨ ਆਪਣੀ–ਆਪਣੀ ਗੱਠੜੀ। ਭਿਖਾਰੀ ਵੀ ਇੰਨਾ ਭਿਖਾਰੀ ਥੋੜ੍ਹਾ ਹੈ ਕਿ ਕੁਝ ਵੀ ਲੱਦਣ ਨੂੰ ਨਾ ਹੋਵੇ। ਘੱਟ ਹੋਵੇਗਾ ਲੱਦਣ ਨੂੰ, ਬਹੁਤ ਘੱਟ ਹੋਵੇਗਾ, ਪਰ ਹੋਵੇਗਾ ਤਾਂ ਸਹੀ। ਭਿਖਾਰੀਆਂ ਨੇ ਵੀ ਆਪਣੀ ਦੱਬੀ ਹੋਈ ਸੰਪਤੀ ਪੁੱਟ ਲਈ ਸੀ।

ਉਹ ਵੀ ਉਸ ਨੂੰ ਲੱਦ ਕੇ ਚੱਲ ਰਹੇ ਸਨ। ਇਹ ਬਾਯਸ ਇਕੱਲਾ ਆਦਮੀ ਸੀ ਜਿਸ ਕੋਲ ਕੁਝ ਵੀ ਨਹੀਂ ਸੀ, ਜੋ ਖਾਲੀ ਹੱਥ ਸੀ, ਜੋ ਮੁਕਤ–ਮਨ ਸੀ। ਜੋ ਪਿੱਛੇ ਮੁੜ ਕੇ ਵੀ ਨਹੀਂ ਦੇਖ ਰਿਹਾ ਸੀ। ਪਿੱਛੇ ਕੁਝ ਸੀ ਹੀ ਨਹੀਂ ਤਾਂ ਮੁੜ ਕੇ ਕੀ ਦੇਖਣਾ। ਅਤੇ ਜਿਸ 'ਤੇ ਕੋਈ ਬੋਝ ਵੀ ਨਹੀਂ ਸੀ।

ਇੱਕ ਔਰਤ ਦਇਆ ਨਾਲ ਬੋਲੀ, "ਆਹ, ਵਿਚਾਰਾ ਕਿੰਨਾ ਗਰੀਬ ਹੈ! ਇਸ ਕੋਲ ਲੈ ਜਾਣ ਲਈ ਕੁਝ ਵੀ ਨਹੀਂ?" ਰਹੱਸਵਾਦੀ ਬਾਯਸ ਬੋਲਿਆ, "ਮੈਂ ਆਪਣੇ ਨਾਲ ਆਪਣੀ ਸਾਰੀ ਪੂੰਜੀ ਲੈ ਕੇ ਚੱਲ ਰਿਹਾ ਹਾਂ। ਮੇਰੇ 'ਤੇ ਦਇਆ ਨਾ ਕਰੋ, ਦਇਆ ਦੇ ਪਾਤਰ ਤੁਸੀਂ ਹੋ।"

ਔਰਤ ਹੈਰਾਨ ਰਹਿ ਗਈ, ਉਸਨੇ ਕਿਹਾ, "ਮੈਨੂੰ ਕੋਈ ਪੂੰਜੀ ਦਿਖਾਈ ਨਹੀਂ ਦਿੰਦੀ। ਕਿਹੋ ਜਿਹੀ ਪੂੰਜੀ? ਕਿਸ ਪੂੰਜੀ ਦੀ ਗੱਲ ਕਰ ਰਹੇ ਹੋ? ਹੋਸ਼ ਵਿੱਚ ਹੋ? ਕਿ ਗਰੀਬ ਹੋ ਅਤੇ ਪਾਗਲ ਵੀ ਹੋ?"

ਬਾਯਸ ਖਿੜ–ਖਿੜਾ ਕੇ ਹੱਸਣ ਲੱਗਾ, ਉਸਨੇ ਕਿਹਾ, "ਮੇਰਾ ਧਿਆਨ ਮੇਰੀ ਪੂੰਜੀ ਹੈ, ਮੇਰਾ ਆਚਰਣ ਮੇਰੀ ਪੂੰਜੀ ਹੈ, ਮੇਰੀ ਆਤਮਾ ਦੀ ਪਵਿੱਤਰਤਾ ਮੇਰੀ ਪੂੰਜੀ ਹੈ। ਉਸ ਨੂੰ ਦੁਸ਼ਮਣ ਖੋਹ ਨਹੀਂ ਸਕਦੇ। ਉਸ ਨੂੰ ਕੋਈ ਮੈਥੋਂ ਵੱਖ ਨਹੀਂ ਕਰ ਸਕਦਾ। ਮੈਂ ਉਹੀ ਕਮਾਇਆ ਹੈ ਜੋ ਮੈਥੋਂ ਵੱਖ ਨਾ ਕੀਤਾ ਜਾ ਸਕੇ।


ਤੁਸੀਂ ਉਹ ਕਮਾਇਆ ਹੈ ਜੋ ਤੁਹਾਡੇ ਤੋਂ ਕਦੇ ਵੀ ਵੱਖ ਕੀਤਾ ਜਾ ਸਕਦਾ ਹੈ। ਅਤੇ ਜੋ ਵੱਖ ਕੀਤਾ ਜਾ ਸਕਦਾ ਹੈ, ਉਹ ਮੌਤ ਦੇ ਪਲ ਵਿੱਚ ਇੱਥੇ ਹੀ ਪਿਆ ਰਹਿ ਜਾਵੇਗਾ। ਜੋ ਵੱਖ ਕੀਤਾ ਜਾ ਸਕਦਾ ਹੈ, ਉਸ ਤੋਂ ਸ਼ਾਂਤੀ ਨਹੀਂ ਮਿਲਦੀ, ਸੁੱਖ ਨਹੀਂ ਮਿਲਦਾ।

ਜੋ ਵੱਖ ਨਹੀਂ ਕੀਤਾ ਜਾ ਸਕਦਾ, ਉਹੀ ਅਦਿੱਖ ਸ਼ਾਂਤੀ ਲਿਆਉਂਦਾ ਹੈ, ਸੁੱਖ ਲਿਆਉਂਦਾ ਹੈ। ਇਹ ਅਦਿੱਖ ਪੂੰਜੀ ਹੀ ਅਜਿਹੀ ਪੂੰਜੀ ਹੈ ਜਿਸ ਦਾ ਕੋਈ ਬੋਝ ਨਹੀਂ ਹੁੰਦਾ। ਸਰੀਰ ਦੀ ਪੂੰਜੀ ਬੋਝ ਦਿੰਦੀ ਹੈ, ਆਤਮਾ ਦੀ ਪੂੰਜੀ ਕੋਈ ਬੋਝ ਨਹੀਂ ਦਿੰਦੀ।"

ਜੇ ਤੁਹਾਨੂੰ ਪੂੰਜੀ, ਪਦ ਅਤੇ ਪ੍ਰਤਿਸ਼ਠਾ ਦੀ ਸੱਚਮੁੱਚ ਤਲਾਸ਼ ਹੈ, ਤਾਂ ਧਿਆਨ ਖੋਜੋ, ਪ੍ਰੇਮ ਖੋਜੋ। ਪ੍ਰੇਮ ਦੇ ਸਿੱਕੇ ਹੀ ਤੁਹਾਡੇ ਜੀਵਨ ਨੂੰ ਧਨ ਨਾਲ ਭਰਨਗੇ, ਧਿਆਨ ਦੇ ਸਿੱਕੇ ਹੀ ਤੁਹਾਡੇ ਜੀਵਨ ਵਿੱਚ ਸੁਗੰਧ ਲਿਆਉਣਗੇ। ਅਤੇ ਉਦੋਂ ਸ਼ਾਂਤੀ ਆਪਣੇ ਆਪ ਆਉਂਦੀ ਹੈ। ਜਿਵੇਂ ਦੀਵੇ ਦੇ ਜਗਣ 'ਤੇ ਪ੍ਰਕਾਸ਼ ਹੋ ਜਾਂਦਾ ਹੈ, ਹਨੇਰਾ ਚਲਾ ਜਾਂਦਾ ਹੈ, ਇੰਝ ਹੀ ਧਿਆਨ ਦੇ ਜਗਣ 'ਤੇ ਅਸ਼ਾਂਤੀ ਦਾ ਹਨੇਰਾ ਆਪਣੇ–ਆਪ ਚਲਾ ਜਾਂਦਾ ਹੈ।

ਓਸ਼ੋ

# ਤਿੰਨਾਂ ਧੀਆਂ...



ਤਿੰਨਾਂ ਧੀਆਂ ਅਤੇ ਨਾਲਦੀ ਨਾਲ ਤਹਿ ਹੋ ਰਹੇ ਰੇਲ ਗੱਡੀ ਦੇ ਲੰਮੇ ਸਫ਼ਰ ਦੀ ਉਸਦੀ ਆਖਰੀ ਸ਼ਾਮ ਸੀ..।

ਮੰਜਿਲ ਤੇ ਅੱਪੜਨ ਦਾ ਚਾਅ ਅਤੇ ਰਿਸ਼ਤੇਦਾਰਾਂ ਨਾਲ ਮਿਲਣ ਦੀ ਉਤੇਜਨਾ ਓਹਨਾ ਸਾਰਿਆਂ ਦੇ ਚੇਹਰਿਆਂ ਤੋਂ ਸਾਫ ਸਾਫ ਝਲਕ ਰਹੀ ਸੀ..!

ਅਚਾਨਕ ਇੱਕ ਨਿੱਕੇ ਜਿਹੇ ਸਟੇਸ਼ਨ ਤੋਂ ਡੱਬੇ ਵਿਚ ਦਾਖਿਲ ਹੋ ਚੁਕੀ ਮੰਡੀਰ ਨੇ ਚਾਰੇ ਪਾਸੇ ਖਲਬਲੀ ਜਿਹੀ ਮਚਾ ਦਿੱਤੀ..

ਉਹ ਸਾਰੇ ਸ਼ਾਇਦ ਅਗਲੇ ਦਿਨ ਜੈਪੁਰ ਕੋਈ ਪੇਪਰ ਦੇਣ ਜਾ ਰਹੇ ਸਨ...।

ਦੋ ਮੁੰਡੇ ਅਚਾਨਕ ਉਸਦੀ ਵੱਡੀ ਬੇਟੀ ਦੇ ਨਾਲ ਆ ਕੇ ਬੈਠ ਗਏ..ਚੂਹਿਆਂ ਵਰਗੇ ਜੁੱਸਿਆਂ ਵਾਲੇ ਉਹ ਦੋਵੇਂ ਭੂਤਰੀ ਹੋਈ ਬਾਕੀ ਮੰਡੀਰ ਵਿਚ ਵਿੱਚਰਦੇ ਹੋਏ ਆਪਣੇ ਆਪ ਨੂੰ ਸ਼ਾਇਦ ਸ਼ੇਰ ਸਮਝ ਰਹੇ ਸਨ!

ਬਾਪ ਨੇ ਗੁਜਾਰਿਸ਼ ਕੀਤੀ ਕੇ ਹੋਰ ਵੀ ਖਾਲੀ ਸੀਟਾਂ ਨੇ..ਓਥੇ ਜਾ ਕੇ ਬੈਠ ਜਾਵੋ ਪਰ ਉਹ ਦੋਵੇਂ ਅੱਗਿਓਂ ਗਾਹਲਾਂ ਤੇ ਉੱਤਰ ਆਏ..ਅਤੇ ਸਹਿਮੀਂ ਹੋਈ ਬੇਟੀ ਵੱਲ ਦੰਦ ਕੱਢਦੇ ਹੋਏ ਅੱਗੇ ਤੋਂ ਵੀ ਭੱਦੀਆਂ ਫੱਬਤੀਆਂ ਕੱਸਣ ਲੱਗੇ..!

ਇੱਕ ਪੁਰਸ਼ ਹੋਣ ਦੇ ਨਾਤੇ ਹੁਣ ਉਸਦੀਆਂ ਅੱਖਾਂ ਵਿਚੋਂ ਖੂਨ ਜਿਹਾ ਉੱਤਰ ਰਿਹਾ ਸੀ ਪਰ ਦੂਜੇ ਪਾਸੇ ਇੱਕ ਮਜਬੂਰ ਜਿਹਾ ਬਾਪ ਤਿੰਨ ਧੀਆਂ ਬਾਰੇ ਸੋਚ ਸਹਿਮ ਕੇ ਨੁੱਕਰੇ ਜਿਹੇ ਲੱਗਿਆ ਹੋਇਆ ਜਾਪ ਰਿਹਾ ਸੀ!

ਬਾਕੀ ਸਵਾਰੀਆਂ ਵੀ ਬੇਬਸ ਜਿਹੀਆਂ ਲੱਗਦੀਆਂ ਹੋਈਆਂ ਚੁੱਪ ਚਾਪ ਸਾਰਾ ਕੁਝ ਦੇਖੀ ਜਾ ਰਹੀਆਂ ਸਨ!

ਅਚਾਨਕ "ਠਾਹ" ਕਰਦੀ ਵੱਜੀ ਇੱਕ ਚਪੇੜ ਦੀ ਕੜਕਵੀਂ ਅਵਾਜ ਨਾਲ ਸਾਰੇ ਡੱਬੇ ਵਿਚ ਸੰਨਾਟਾ ਜਿਹਾ ਛਾ ਗਿਆ...।

ਸਭ ਤੋਂ ਵੱਧ ਭੱਦੀ ਬੋਲੀ ਵਿਚ ਲਗਾਤਾਰ ਅਪਸ਼ਬਦ ਬੋਲ ਰਿਹਾ ਉਹ ਮੁੰਡਾ ਹੁਣ ਥੱਲੇ ਫਰਸ਼ ਤੇ ਡਿੱਗਾ ਪਿਆ ਸੀ..ਚਪੇੜ ਸ਼ਾਇਦ ਵਿਚਕਾਰਲੀ ਧੀ ਨੇ ਓਦੋਂ ਮਾਰੀ ਸੀ ਜਦੋਂ ਉਸਨੇ ਉਸਨੂੰ ਹੱਥ ਲਾਉਣ ਦੀ ਕੋਸ਼ਿਸ਼ ਕੀਤੀ ਸੀ..!

ਬਾਕੀ ਦੋ ਧੀਆਂ ਵੀ ਗਰਜਵੀਂ ਅਵਾਜ ਵਿਚ ਵੰਗਾਰ ਰਹੀਆਂ ਸਨ.."ਹੁਣ ਹੱਥ ਲਾ ਕੇ ਦਿਖਾਓ ਕੁੱਤਿਓ.."।

ਇਸ ਵਾਰ ਸਾਰਾ ਡੱਬਾ ਵੀ ਉਸਦੀਆਂ ਤਿੰਨ ਧੀਆਂ ਦੇ ਹੱਕ ਵਿਚ ਖਲੋਤਾ ਹੋਇਆ ਜਾਪ ਰਿਹਾ ਸੀ..ਅਤੇ ਥੋੜੇ ਚਿਰ ਪਹਿਲਾਂ ਹੀ ਕੁੱਤਿਆਂ ਤੋਂ ਸ਼ੇਰ ਬਣ ਬੈਠੇ ਉਹ ਸਾਰੇ ਚੂਹੇ ਘੱਟ ਰਫਤਾਰ ਨਾਲ ਤੁਰੀ ਜਾਂਦੀ ਗੱਡੀ ਵਿਚੋਂ ਛਾਲਾਂ ਮਾਰ ਕੇ ਬਚਣ ਲਈ ਖੁੱਡਾਂ ਲੱਭ ਰਹੇ ਸਨ!

ਸੋ ਦੋਸਤੋ ਨਾਇਨਸਾਫੀ ਦੇ ਤੂਫ਼ਾਨ ਅੱਗੇ ਸਿਰਫ ਇੱਕ ਦਲੇਰੀ ਭਰਿਆ ਕਦਮ ਚੁੱਕਣ ਦੀ ਹੀ ਲੋੜ ਹੁੰਦੀ ਏ..ਸੱਚ ਦੇ ਅਨੇਕਾਂ ਕਾਫਲੇ ਆਪਣੇ ਆਪ ਤਿਆਰੀਆਂ ਖਿੱਚ ਤੁਹਾਡੇ ਨਾਲ ਤੁਰ ਪਿਆ ਕਰਦੇ ਨੇ..!

ਹਿੰਦੀ ਕਹਾਣੀ ਦਾ ਪੰਜਾਬੀ ਅਨੁਵਾਦ

ਹਰਪ੍ਰੀਤ ਸਿੰਘ ਜਵੰਦਾ





# ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟ 'ਚ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ ਵੱਡੀ ਗਿਣਤੀ 'ਚ ਲਿਆ ਹਿੱਸਾ

## ਸੋਢੀ ਕੰਗ ਇਹ ਪੌੜੀਆਂ 16 ਮਿੰਟ 31 ਸਕਿੰਟ 'ਚ ਚੜ੍ਹ ਕੇ ਕਲੱਬ ਵਿੱਚੋਂ ਪਹਿਲੇ ਨੰਬਰ 'ਤੇ ਰਿਹਾ




ਟੋਰਾਂਟੋ, (ਡਾ. ਝੰਡ) – ਲੰਘੇ ਸ਼ਨੀਵਾਰ 2 ਮਈ ਨੂੰ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਬਣੀ ਅੰਤਰਰਾਸ਼ਟਰੀ ਸੰਸਥਾ (ਡਬਲਿਊ. ਡਬਲਿਊ. ਐੱਫ.) ਵੱਲੋਂ ਕਰਵਾਏ ਗਏ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਸ਼ਾਨਦਾਰ ਈਵੈਂਟ ਵਿੱਚ ਬਰੈਂਪਟਨ ਦੀ ਟੀਪੀਏਆਰ ਕਲੱਬ ਦੇ 68 ਮੈਂਬਰਾਂ ਨੇ ਭਾਗ ਲਿਆ। ਉਨ੍ਹਾਂ ਵਿੱਚੋਂ ਬਹੁਤੇ ਸਵੇਰੇ 6.30 ਵਜੇ ਸਕੂਲ ਬੱਸ ਵਿੱਚ ਸਵਾਰ ਹੋ ਕੇ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਦੀ ਅਗਵਾਈ ਵਿੱਚ ਬਰੈਂਪਟਨ ਤੋਂ ਸੀ.ਐੱਨ. ਟਾਵਰ ਦੇ ਹੇਠਾਂ ਵਾਲੇ ਹਾਲ ਵਿੱਚ 7.30 ਵਜੇ ਪਹੁੰਚ ਗਏ ਅਤੇ ਕਈ ਮੈਂਬਰ ਆਪਣੇ ਨਿੱਜੀ ਸਾਧਨਾਂ ਰਾਹੀਂ ਉੱਥੇ ਪਹੁੰਚੇ। ਪੌੜੀਆਂ ਚੜ੍ਹਨ ਦੇ ਚਾਹਵਾਨਾਂ ਤੇ ਉਨ੍ਹਾਂ ਦੇ ਸਮੱਰਥਕਾਂ ਨਾਲ ਹਾਲ ਵਿੱਚ ਕਾਫ਼ੀ ਰੌਣਕ ਸੀ। ਇਸ ਈਵੈਂਟ ਲਈ ਰਜਿਸਟ੍ਰੇਸ਼ਨ ਕਈਆਂ ਨੇ 'ਅਗਾਊਂ' ਕਰਵਾਈ ਹੋਈ ਸੀ ਅਤੇ ਕਈ ਇਹ ਮੌਕੇ 'ਤੇ ਕਰਵਾ ਰਹੇ ਸਨ। ਈਵੈਂਟ ਦੇ ਵਾਲੰਟੀਅਰ ਇਸ ਕੰਮ ਵਿੱਚ ਉਨ੍ਹਾਂ ਦੀ ਮਦਦ ਕਰ ਰਹੇ ਸਨ। ਹੋਰ ਕਈ ਵਾਲੰਟੀਅਰ ਇਸ ਈਵੈਂਟ ਵਿੱਚ ਭਾਗ ਲੈਣ ਵਾਲਿਆਂ ਲਈ 'ਰਾਹ-ਦਸੇਰਿਆਂ' ਦਾ ਕੰਮ ਕਰ ਰਹੇ ਸਨ।

ਪੌੜੀਆਂ ਚੜ੍ਹਨ ਦੇ ਇਸ ਈਵੈਂਟ ਵਿੱਚ ਭਾਗ ਲੈਣ ਲਈ ਕਲੱਬ ਦੇ ਮੈਂਬਰਾਂ ਦੀ ਰਜਿਸਟ੍ਰੇਸ਼ਨ ਕਿਉਂਕਿ ਗਰੁੱਪ ਵਜੋਂ ਪਹਿਲਾਂ ਹੀ ਕਰਵਾਈ ਜਾ ਚੁੱਕੀ ਸੀ, ਇਸ ਲਈ ਸੀ.ਐੱਨ. ਟਾਵਰ ਉੱਪਰ ਜਾਣ ਲਈ ਉਹ ਲੋੜੀਂਦੇ 'ਸਕਿਉਰਿਟੀ ਚੈੱਕ-ਅੱਪ' ਵਿੱਚੋਂ ਲੰਘ ਕੇ ਸਿੱਧੇ ਹੀ ਪੌੜੀਆਂ ਚੜ੍ਹਨ ਵਾਲੇ ਰਸਤੇ ਨੂੰ ਚੱਲ ਪਏ। ਟਾਵਰ ਦੀਆਂ ਇਹ ਪੌੜੀਆਂ ਚੜ੍ਹਨ ਲਈ ਉਨ੍ਹਾਂ ਵਿੱਚੋਂ ਕਈਆਂ ਨੇ ਇਕ 'ਟਾਵਰ-ਨੁਮਾ ਬਹੁ-ਮੰਜ਼ਲੀ ਇਮਾਰਤ' ਦੀਆਂ ਪੌੜੀਆਂ ਚੜ੍ਹ ਕੇ ਪਹਿਲਾਂ ਹੀ ਇਸ ਦਾ ਕਾਫ਼ੀ ਅਭਿਆਸ ਕੀਤਾ ਹੋਇਆ ਸੀ।

ਇਸ ਲਈ ਉਹ ਇਹ ਪੌੜੀਆਂ 'ਰਵਾਂ-ਰਵੀਂ' ਚੜ੍ਹਦੇ ਗਏ। ਇੱਥੇ ਇਹ ਜ਼ਿਕਰਯੋਗ ਹੈ ਕਿ ਪੌੜੀਆਂ ਚੜ੍ਹਨ ਦੇ ਇਸ ਈਵੈਂਟ ਵਿੱਚ ਇਸ ਵਾਰ ਵੱਖ-ਵੱਖ ਉਮਰ ਦੇ 5805 ਲੋਕਾਂ ਨੇ ਭਾਗ ਲਿਆ ਅਤੇ ਇਸ ਵਿਚ ਜੰਗਲੀ ਜੀਵਾਂ ਦੀ ਸੁਰੱਖਿਆ ਲਈ 1.46 ਮਿਲੀਅਨ ਡਾਲਰ ਫ਼ੰਡ ਇਕੱਤਰ ਹੋਇਆ ਜਿਸ ਵਿੱਚ ਟੀਪੀਏਆਰ ਕਲੱਬ ਵੱਲੋਂ ਇਸ 'ਵਰਲਡ ਵਾਈਲਡ ਫ਼ੰਡ' (ਡਬਲਿਊ. ਡਬਲਿਊ. ਐੱਫ.) ਵਿੱਚ 7850 ਡਾਲਰ ਦਾ ਯੋਗਦਾਨ ਪਾਇਆ ਗਿਆ। ਹੁਣ ਜੇਕਰ ਇਸ ਈਵੈਂਟ ਦੇ ਨਤੀਜਿਆਂ ਵੱਲ ਨਜ਼ਰ ਮਾਰੀਏ ਤਾਂ ਟੀਪੀਏਆਰ ਕਲੱਬ ਵਿੱਚੋਂ ਸੋਢੀ ਕੰਗ ਇਹ 1776 ਪੌੜੀਆਂ 16 ਮਿੰਟ 31 ਸਕਿੰਟਾਂ ਵਿੱਚ ਚੜ੍ਹ ਕੇ ਕਲੱਬ ਦਾ ਸੱਭ ਤੋਂ ਤੇਜ਼ 'ਪੌੜੀਆਂ ਦਾ ਚੜ੍ਹਾਕ' ਬਣਿਆ, ਜਦਕਿ ਇਸ ਵਾਰ ਇਸ ਈਵੈਂਟ ਦਾ ਸੱਭ ਤੋਂ ਤੇਜ਼ ਪੌੜੀਆਂ ਚੜ੍ਹਨ ਵਾਲਾ ਟਾਇਲਰ ਕਰੈਸ਼ਨਿਕ ਸੀ ਜਿਸ ਨੇ ਇਹ ਪੌੜੀਆਂ 10 ਮਿੰਟ 43 ਸਕਿੰਟਾਂ ਵਿੱਚ ਚੜ੍ਹੀਆਂ। ਕਲੱਬ ਦੇ ਇੱਕ ਹੋਰ ਮੈਂਬਰ ਜਸਵੀਰ ਜੱਸੀ ਧਾਲੀਵਾਲ ਨੇ ਇਹ ਪੌੜੀਆਂ 19 ਮਿੰਟ 56 ਸਕਿੰਟਾਂ ਵਿੱਚ ਚੜ੍ਹੀਆਂ। ਕਲੱਬ ਦੇ ਹੋਰ ਬਹੁਤ ਸਾਰੇ ਮੈਂਬਰਾਂ ਨੇ ਇਹ ਪੌੜੀਆਂ 20 ਤੋਂ 30 ਮਿੰਟਾਂ ਵਿਚਕਾਰ 'ਸਰ' ਕੀਤੀਆਂ।

ਉਨ੍ਹਾਂ ਵਿੱਚੋਂ ਸੁਰਿੰਦਰ ਨਾਗਰਾ ਨੇ ਇਸ ਦੇ ਲਈ 20 ਮਿੰਟ 3 ਸਕਿੰਟ ਲਗਾਏ ਅਤੇ ਕਰਮਜੀਤ ਗਿੱਲ ਨੇ 22 ਮਿੰਟ 37 ਸਕਿੰਟ ਸਮਾਂ ਲਿਆ, ਜਦਕਿ ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ 82 ਸਾਲਾ ਇੰਜ. ਈਸ਼ਰ ਸਿੰਘ ਚਾਹਲ, ਜੋ ਇਸ ਕਲੱਬ ਦੇ ਸਰਪ੍ਰਸਤ ਹਨ, ਨੇ ਇਹ ਪੌੜੀਆਂ 51 ਮਿੰਟ 3 ਸਕਿੰਟਾਂ ਵਿੱਚ ਚੜ੍ਹ ਕੇ ਆਪਣੇ ਪਿਛਲੇ ਸਾਲ ਦੇ ਸਮੇਂ 61 ਮਿੰਟ 30 ਸਕਿੰਟ ਵਿੱਚ 10 ਮਿੰਟ 27 ਸਕਿੰਟਾਂ ਦਾ ਸੁਧਾਰ ਕੀਤਾ। ਉਂਜ, ਇਸ ਤੋਂ ਚਾਰ ਕੁ ਸਾਲ ਪਹਿਲਾਂ ਉਹ ਇਹ ਪੌੜੀਆਂ 42 ਮਿੰਟਾਂ ਵਿੱਚ ਵੀ ਚੜ੍ਹ ਚੁੱਕੇ ਹਨ। ਇੱਥੇ ਇਹ ਵਰਨਣਯੋਗ ਹੈ ਕੇ 80 ਤੋਂ 89 ਸਾਲ ਦੇ ਉਮਰ-ਵਰਗ ਵਿੱਚ ਕੇਵਲ ਦੋ ਹੀ ਵਿਅੱਕਤੀਆਂ ਵੱਲੋਂ ਇਸ ਈਵੈਂਟ ਵਿੱਚ ਸ਼ਮੂਲੀਅਤ ਕੀਤੀ ਗਈ ਜਿਨ੍ਹਾਂ ਵਿੱਚੋਂ ਇੱਕ ਭਾਰਤੀ ਮੂਲ ਦੇ ਇੰਜ. ਈਸ਼ਰ ਸਿੰਘ ਚਾਹਲ ਦੂਸਰੇ ਨੰਬਰ 'ਤੇ ਰਹੇ, ਜਦਕਿ ਇਸ ਵਰਗ ਵਿੱਚ ਪਹਿਲੇ ਨੰਬਰ 'ਤੇ ਆਉਣ ਵਾਲਾ ਕਿਸੇ ਹੋਰ ਪਿਛੋਕੜ ਦਾ ਵਰਨਰ ਸ਼ਮੈਲਜ਼ ਇਹ ਪੌੜੀਆਂ 33 ਮਿੰਟ 32 ਸਕਿੰਟਾਂ ਵਿੱਚ ਹੀ ਚੜ੍ਹ ਗਿਆ। ਟੀਪੀਏਆਰ ਕਲੱਬ ਦੇ 79 ਸਾਲ ਦੇ ਇੱਕ ਹੋਰ ਸੀਨੀਅਰ ਮੈਂਬਰ ਬਲਕਾਰ ਸਿੰਘ ਖਾਲਸਾ ਨੂੰ ਇਸਦੇ ਲਈ 59 ਮਿੰਟ 41 ਸਕਿੰਟ ਲੱਗੇ। ਇਨ੍ਹਾਂ ਸੀਨੀਅਰ ਮੈਂਬਰਾਂ ਵੱਲੋਂ ਇਸ ਉਮਰ ਵਿੱਚ ਇਸ ਈਵੈਂਟ 'ਚ ਭਾਗ ਲੈਣਾ ਬਹੁਤ ਵੱਡੀ ਗੱਲ ਹੈ ਅਤੇ ਇਹ ਸਮੂਹ ਸੀਨੀਅਰਾਂ ਦੇ ਲਈ ਪ੍ਰੇਰਨਾ ਦਾ ਵਧੀਆ ਸਰੋਤ ਹੈ।

ਮੈਂਬਰਾਂ ਨੂੰ ਕੁਝ ਸਮਾਂ ਗਰੁੱਪ ਦੀਆਂ ਅਤੇ ਨਿੱਜੀ ਤਸਵੀਰਾਂ ਲੈਣ ਵਿੱਚ ਲੱਗ ਗਿਆ। ਏਨੇ ਨੂੰ ਉਨ੍ਹਾਂ ਦੀ ਬੱਸ ਵੀ ਆ ਗਈ ਅਤੇ ਦਸ ਕੁ ਵਜੇ ਉਨ੍ਹਾਂ ਵਾਪਸੀ ਲਈ ਚਾਲੇ ਪਾ ਦਿੱਤੇ। ਬੱਸ ਵਿਚ ਹੀ ਪ੍ਰਬੰਧਕਾਂ ਵੱਲੋਂ ਆਪਣੇ ਨਾਲ ਲਿਆਂਦੇ ਗਏ ਪਨੀਰ ਵਾਲੇ ਪਰੌਂਠਿਆਂ ਦੇ 'ਰੈਪ' ਮੈਂਬਰਾਂ ਨੂੰ ਦਿੱਤੇ ਗਏ ਅਤੇ ਨਾਲ ਤਿੰਨ-ਚਾਰ ਵੱਡੀਆਂ ਥਰਮਸਾਂ ਵਿੱਚ ਲਿਆਂਦੀ ਗਈ ਚਾਹ ਵਰਤਾਈ ਗਈ। ਕਲੱਬ ਦੇ ਵਾਲੰਟੀਅਰਾਂ ਮਨਜੀਤ ਨੌਟਾ, ਸੁਰਿੰਦਰ ਨਾਗਰਾ ਤੇ ਤਜਿੰਦਰ ਗਰੇਵਾਲ ਵੱਲੋਂ ਇਹ ਸੇਵਾ ਬਾਖ਼ੂਬੀ ਨਿਭਾਈ ਗਈ। ਸਾਰਿਆਂ ਨੇ ਬੜੇ ਪ੍ਰੇਮ ਪਿਆਰ ਨਾਲ ਇਸ ਸ਼ਾਨਦਾਰ 'ਬਰੇਕ-ਫ਼ਾਸਟ' ਦਾ ਅਨੰਦ ਲਿਆ ਅਤੇ ਹੱਸਦੇ-ਖੇਡਦੇ ਖ਼ੁਸ਼ੀ-ਖ਼ੁਸ਼ੀ ਬਰੈਂਪਟਨ ਵਾਪਸ ਪਹੁੰਚੇ। ਇਸ ਤਰ੍ਹਾਂ ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਦਾ ਇਹ ਈਵੈਂਟ ਸਾਰਿਆਂ ਲਈ ਯਾਦਗਾਰੀ ਹੋ ਨਿਬੜਿਆ।

# ਟੀ-20 ਦਰਜਾਬੰਦੀ 'ਚ INDIA ਦੀ ਸਰਦਾਰੀ ਕਾਇਮ




ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਵੱਲੋਂ ਜਾਰੀ ਤਾਜ਼ਾ ਟੀ-20 ਦਰਜਾਬੰਦੀ ਵਿੱਚ ਤਿੰਨ ਵਾਰ ਦੀ ਵਿਸ਼ਵ ਜੇਤੂ ਭਾਰਤੀ ਟੀਮ ਨੇ ਆਪਣਾ ਪਹਿਲਾ ਸਥਾਨ ਬਰਕਰਾਰ ਰੱਖਿਆ ਹੈ। ਭਾਰਤ ਨੇ ਇਸੇ ਸਾਲ ਮਾਰਚ ਵਿੱਚ ਲਗਾਤਾਰ ਦੂਜੀ ਵਾਰ ਖ਼ਿਤਾਬ ਜਿੱਤ ਕੇ ਇਤਿਹਾਸ ਸਿਰਜਿਆ ਸੀ। ਇਸ ਇਤਿਹਾਸਕ ਜਿੱਤ ਸਦਕਾ ਭਾਰਤ 275 ਅੰਕਾਂ ਨਾਲ ਸਿਖਰ 'ਤੇ ਹੈ। ਇੰਗਲੈਂਡ 262 ਅੰਕਾਂ ਨਾਲ ਦੂਜੇ ਅਤੇ ਆਸਟਰੇਲੀਆ 258 ਅੰਕਾਂ ਨਾਲ ਤੀਜੇ ਸਥਾਨ 'ਤੇ ਕਾਬਜ਼ ਹੈ। ਨਿਊਜ਼ੀਲੈਂਡ, ਦੱਖਣੀ ਅਫਰੀਕਾ, ਪਾਕਿਸਤਾਨ ਅਤੇ ਵੈਸਟ ਇੰਡੀਜ਼ ਕ੍ਰਮਵਾਰ ਚੌਥੇ ਤੋਂ ਸੱਤਵੇਂ ਸਥਾਨ 'ਤੇ ਹਨ।

ਸ੍ਰੀਲੰਕਾ (221) ਨੂੰ 6 ਅੰਕਾਂ ਦਾ ਨੁਕਸਾਨ ਹੋਇਆ ਹੈ, ਜਿਸ ਕਾਰਨ ਉਹ ਨੌਵੇਂ ਸਥਾਨ 'ਤੇ ਖਿਸਕ ਗਿਆ ਹੈ; ਬੰਗਲਾਦੇਸ਼ (225) ਇੱਕ ਦਰਜਾ ਉਪਰ ਅੱਠਵੇਂ ਨੰਬਰ 'ਤੇ ਪਹੁੰਚ ਗਿਆ ਹੈ। ਅਫ਼ਗਾਨਿਸਤਾਨ 220 ਅੰਕਾਂ ਨਾਲ ਦਸਵੇਂ ਸਥਾਨ 'ਤੇ ਹੈ।

ਉੱਤਰੀ ਅਮਰੀਕਾ ਵਿੱਚ ਕ੍ਰਿਕਟ ਦੇ ਵਧਦੇ ਪ੍ਰਭਾਵ ਵਿਚਾਲੇ ਅਮਰੀਕਾ ਦੋ ਸਥਾਨ ਉਪਰ 13ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਅਮਰੀਕਾ ਨੇ ਨੈਦਰਲੈਂਡਜ਼ ਅਤੇ ਸਕਾਟਲੈਂਡ ਵਰਗੀਆਂ ਟੀਮਾਂ ਨੂੰ ਪਛਾੜਿਆ ਹੈ। ਅਮਰੀਕਾ ਅਤੇ ਹੋਰ ਦੇਸ਼ਾਂ ਦੀਆਂ ਟੀਮਾਂ ਦਾ ਉਭਾਰ ਟੀ-20 ਕ੍ਰਿਕਟ ਨੂੰ ਹੋਰ ਰੋਮਾਂਚ ਬਣਾ ਸਕਦਾ ਹੈ।

ਨੇਪਾਲ (17ਵਾਂ) ਅਤੇ ਓਮਾਨ (19ਵਾਂ) ਨੇ ਵੀ ਇੱਕ-ਇੱਕ ਸਥਾਨ ਦਾ ਸੁਧਾਰ ਕੀਤਾ ਹੈ। ਆਈ ਸੀ ਸੀ ਨੇ ਦੱਸਿਆ ਕਿ ਰੈਂਕਿੰਗ ਵਿੱਚ ਸ਼ਾਮਲ ਟੀਮਾਂ ਦੀ ਗਿਣਤੀ 102 ਤੋਂ ਘਟ ਕੇ 98 ਰਹਿ ਗਈ ਹੈ। ਫਿਜੀ, ਗੈਂਬੀਆ, ਗਰੀਸ (ਯੂਨਾਨ) ਅਤੇ ਇਜ਼ਰਾਈਲ ਨਿਰਧਾਰਤ ਅੱਠ ਮੈਚ ਨਾ ਖੇਡਣ ਕਾਰਨ ਰੈਂਕਿੰਗ 'ਚੋਂ ਬਾਹਰ ਹੋ ਗਏ ਹਨ।

# Women's T20 World Cup ਲਈ ਭਾਰਤੀ ਟੀਮ ਦਾ ਐਲਾਨ

ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਇੰਗਲੈਂਡ ਅਤੇ ਵੇਲਜ਼ ਵਿੱਚ 12 ਜੂਨ ਤੋਂ ਸ਼ੁਰੂ ਹੋਣ ਵਾਲੇ ਮਹਿਲਾ ਟੀ-20 ਵਿਸ਼ਵ ਕੱਪ ਲਈ 15 ਮੈਂਬਰੀ ਭਾਰਤੀ ਟੀਮ ਦਾ ਐਲਾਨ ਕਰ ਦਿੱਤਾ ਹੈ। ਇਸ ਟੀਮ ਵਿੱਚ ਦਿੱਲੀ ਕੈਪੀਟਲਜ਼ ਲਈ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀ ਤੇਜ਼ ਗੇਂਦਬਾਜ਼ ਨੰਦਿਨੀ ਸ਼ਰਮਾ ਨੂੰ ਪਹਿਲੀ ਵਾਰ ਸ਼ਾਮਲ ਕੀਤਾ ਗਿਆ ਹੈ। ਨੰਦਿਨੀ ਨੇ ਮਹਿਲਾ ਪ੍ਰੀਮੀਅਰ ਲੀਗ ਦੇ 10 ਮੈਚਾਂ ਵਿੱਚ 17 ਵਿਕਟਾਂ ਲਈਆਂ ਸਨ।

ਟੀਮ ਦੀ ਕਮਾਨ ਤਜਰਬੇਕਾਰ ਹਰਮਨਪ੍ਰੀਤ ਕੌਰ ਦੇ ਹੱਥਾਂ ਵਿੱਚ ਹੋਵੇਗੀ; ਸਮ੍ਰਿਤੀ ਮੰਧਾਨਾ ਉਪ ਕਪਤਾਨ ਵਜੋਂ ਭੂਮਿਕਾ ਨਿਭਾਏਗੀ। ਵਿਕਟਕੀਪਰ ਬੱਲੇਬਾਜ਼ ਯਸਤਿਕਾ ਭਾਟੀਆ ਦੀ ਵੀ ਟੀਮ ਵਿੱਚ ਵਾਪਸੀ ਹੋਈ ਹੈ। ਦੂਜੇ ਪਾਸੇ, ਹਰਫ਼ਨਮੌਲਾ ਖਿਡਾਰਨ ਅਮਨਜੋਤ ਕੌਰ ਸੱਟ ਕਾਰਨ ਟੀਮ 'ਚ ਸ਼ਾਮਲ ਨਹੀਂ ਕੀਤੀ ਗਈ। ਪ੍ਰਤਿਕਾ ਰਾਵਲ ਨੂੰ ਵਿਸ਼ਵ ਕੱਪ ਟੀਮ 'ਚੋਂ ਬਾਹਰ ਰੱਖਿਆ ਗਿਆ ਹੈ, ਪਰ ਉਸ ਨੂੰ ਜੁਲਾਈ ਵਿੱਚ ਲਾਰਡਜ਼ ਦੇ ਮੈਦਾਨ 'ਤੇ ਹੋਣ ਵਾਲੇ ਇੱਕਲੌਤੇ ਟੈਸਟ ਮੈਚ ਲਈ ਟੀਮ ਵਿੱਚ ਜਗ੍ਹਾ ਮਿਲੀ ਹੈ। ਵਿਸ਼ਵ ਕੱਪ ਤੋਂ ਪਹਿਲਾਂ ਇਹੀ ਟੀਮ ਇੰਗਲੈਂਡ ਖ਼ਿਲਾਫ਼ 28 ਮਈ ਤੋਂ ਸ਼ੁਰੂ ਹੋਣ ਵਾਲੀ ਤਿੰਨ ਮੈਚਾਂ ਦੀ ਟੀ-20 ਲੜੀ ਵਿੱਚ ਵੀ ਹਿੱਸਾ ਲਵੇਗੀ।

ਭਾਰਤੀ ਟੀ-20 ਟੀਮ ਵਿੱਚ ਹਰਮਨਪ੍ਰੀਤ ਕੌਰ (ਕਪਤਾਨ), ਸਮ੍ਰਿਤੀ ਮੰਧਾਨਾ (ਉਪ-ਕਪਤਾਨ), ਸ਼ੈਫਾਲੀ ਵਰਮਾ, ਜੇਮਿਮਾ ਰੌਡਰਿਗਜ਼, ਭਾਰਤੀ ਫੁਲਮਾਲੀ, ਦੀਪਤੀ ਸ਼ਰਮਾ, ਰਿਚਾ ਘੋਸ਼ (ਵਿਕਟਕੀਪਰ), ਸ੍ਰੀ ਚਰਨੀ, ਯਸਤਿਕਾ ਭਾਟੀਆ, ਨੰਦਿਨੀ ਸ਼ਰਮਾ, ਅਰੁੰਧਤੀ ਰੈੱਡੀ, ਰੇਣੁਕਾ ਠਾਕੁਰ, ਕ੍ਰਾਂਤੀ ਗੌੜ, ਸ਼੍ਰੇਅੰਕਾ ਪਾਟਿਲ ਅਤੇ ਰਾਧਾ ਯਾਦਵ ਸ਼ਾਮਲ ਹਨ।

# ਓਜੇਡਾ ਦੀ ਹੈਟਰਿਕ ਅੱਗੇ ਮੈਸੀ ਦਾ ਜਾਦੂ ਫਿੱਕਾ ਪਿਆ




ਮਾਰਟਿਨ ਓਜੇਡਾ ਦੀ ਸ਼ਾਨਦਾਰ ਹੈਟਰਿਕ ਸਦਕਾ ਓਰਲੈਂਡੋ ਸਿਟੀ ਨੇ ਬੀਤੀ ਰਾਤ ਰੋਮਾਂਚਕ ਮੁਕਾਬਲੇ ਵਿੱਚ ਲਿਓਨਲ ਮੈਸੀ ਦੀ ਟੀਮ ਇੰਟਰ ਮਿਆਮੀ ਨੂੰ 4-3 ਨਾਲ ਹਰਾ ਦਿੱਤਾ। ਇਸ ਹਾਰ ਨਾਲ ਮਿਆਮੀ ਦਾ 11 ਮੈਚਾਂ ਤੋਂ ਅਜੇਤੂ ਰਹਿਣ ਦਾ ਸਿਲਸਿਲਾ ਵੀ ਟੁੱਟ ਗਿਆ।

ਇੱਕ ਵੇਲੇ ਇੰਟਰ ਮਿਆਮੀ 3-0 ਨਾਲ ਅੱਗੇ ਸੀ ਅਤੇ ਆਪਣੇ ਸਹਿ-ਮਾਲਕ ਡੇਵਿਡ ਬੈਕਹਮ ਦੇ ਜਨਮ ਦਿਨ ਮੌਕੇ ਆਸਾਨ ਜਿੱਤ ਵੱਲ ਵਧ ਰਹੀ ਸੀ। ਪਰ, ਓਰਲੈਂਡੋ ਸਿਟੀ ਨੇ ਜ਼ਬਰਦਸਤ ਵਾਪਸੀ ਕੀਤੀ। ਕਲੱਬ ਲਈ ਆਪਣੇ 100ਵੇਂ ਮੈਚ ਵਿੱਚ ਮੈਸੀ ਨੇ ਇੱਕ ਗੋਲ ਅਤੇ ਦੋ ਅਸਿਸਟ ਕੀਤੇ, ਪਰ ਟੀਮ ਨੂੰ ਹਾਰ ਤੋਂ ਨਹੀਂ ਬਚਾ ਸਕਿਆ। ਓਜੇਡਾ ਨੇ ਪਹਿਲਾਂ 39ਵੇਂ ਅਤੇ ਫਿਰ 68ਵੇਂ ਮਿੰਟ ਵਿੱਚ ਗੋਲ ਕਰ ਕੇ ਮੈਚ ਨੂੰ ਰੋਮਾਂਚਕ ਬਣਾ ਦਿੱਤਾ। ਇਸ ਤੋਂ ਬਾਅਦ ਉਸ ਨੇ 78ਵੇਂ ਮਿੰਟ ਵਿੱਚ ਪੈਨਲਟੀ 'ਤੇ ਗੋਲ ਕਰ ਕੇ ਸਕੋਰ 3-3 ਨਾਲ ਬਰਾਬਰ ਕਰ ਦਿੱਤਾ। ਮੈਚ ਦੇ ਵਾਧੂ ਸਮੇਂ ਵਿੱਚ ਟਾਇਰੇਸ ਸਪਾਈਸਰ ਨੇ ਗੋਲ ਦਾਗ਼ ਕੇ ਓਰਲੈਂਡੋ ਨੂੰ ਯਾਦਗਾਰੀ ਜਿੱਤ ਦਿਵਾਈ। ਇਸ ਹਾਰ ਨਾਲ ਇੰਟਰ ਮਿਆਮੀ ਦਾ ਆਪਣੇ ਨਵੇਂ ਘਰੇਲੂ ਮੈਦਾਨ 'ਤੇ ਜਿੱਤ ਦਾ ਇੰਤਜ਼ਾਰ ਹੋਰ ਲੰਮਾ ਹੋ ਗਿਆ ਹੈ, ਜਿੱਥੇ ਉਹ ਹੁਣ ਤੱਕ ਕੋਈ ਮੈਚ ਨਹੀਂ ਜਿੱਤ ਸਕੀ।







